SATJUG
1920 ਤੋਂ
ਸਾਲ 98 ਵਾਂ

Price : Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (1920 ਈ:) ਤੋਂ ਸਥਾਪਿਤ

ਹਾੜ ੨੦੭੫
ਜੂਨ 2018
ਵੀਰਵਾਰ

ਜਿਲਦ 26
ਨੰਬਰ 10
(Total Pages 32)

## ਸ਼ਹੀਦਾਂ ਦੇ ਸਿਰਤਾਜ
## ਪੰਚਮ-ਪਾਤਸ਼ਾਹ ਸਾਹਿਬ ਗੁਰੂ ਅਰਜਨ ਦੇਵ ਜੀ



ਭਗਤ ਕਾਨ੍ਹਾਂ ਵਰਗੇ ਅੱਗ ਬਬੂਲਾ। ਅਨਾਇਤ ਖਾਂ ਤੱਤਾ। ਕੁਲੀਜ਼ ਖਾਂ ਗਰਮ। ਸੁਲਹੀ ਤੱਤਾ। ਸੁਲਬੀ ਉਬਲਿਆ ਹੋਇਆ। ਵੱਡਾ ਭਰਾ ਪਿਰਥੀ ਚੰਦ ਗਰਮ। ਭਰਜਾਈ ਕਰਮੋ ਤੱਤੀ। ਮਹੀਨਾ ਜੇਠ ਦਾ ਤੱਤਾ। ਅੱਗ ਤੱਤੀ। ਪਾਣੀ ਉਬਲਦਾ। ਦੇਗ ਉਬਾਲੇ ਖਾਂਦੀ। ਰੇਤ ਤੱਤੀ। ਰੇਤ ਪਉਣ ਵਾਲਾ ਭੜਭੂੰਜਾ ਤੱਤਾ। ਇਥੋਂ ਤੱਕ ਕਿ ਸਾਈਂ ਮੀਆਂ ਮੀਰ ਵੀ ਤੱਤਾ ਹੋ ਗਿਆ। ਪਰ ਸਿਰਫ ਜੇ ਕੋਈ ਠੰਡਾ ਹੈ ਤਾਂ 'ਗੁਰੂ ਅਰਜਨ ਦੇਵ ਜੀ'।

-(ਪ੍ਰਿੰ: ਸਤਬੀਰ ਸਿੰਘ )

# ਪੰਥਕ ਸਰਗਰਮੀਆਂ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮਾਤਾ ਪ੍ਰਸਿੰਨ ਕੌਰ ਜੀ ਨਮਿਤ ਪਾਠ ਦਾ ਭੋਗ (ਸੰਬੰਧਿਤ ਰਿਪੋਰਟ,ਸਫ਼ਾ 25 ਤੇ)




ਰਾਜਪੁਰਾ ਵਿਖੇ ਬਿਰਧ ਆਸ਼ਰਮ ਦੇ ਉਦਘਾਟਨ ਸਮੇਂ(ਰਿਪੋਰਟ ਸਫ਼ਾ 23 ਤੇ)



ਸੰਤ ਜਸਵੰਤ ਸਿੰਘ ਜੀ ਤੇ ਬਖ਼ਸ਼ਿਸ਼ਾਂ (ਰਿਪੋਰਟ ਸਫ਼ਾ 21 ਤੇ)




ਨੰਬਰਦਾਰ ਸੁਖਦੇਵ ਸਿੰਘ ਦੇ ਭੋਗ ਸਮੇਂ ਪਰਿਵਾਰ ਨਤਮਸਤਕ(ਰਿਪੋਰਟ ਸਫ਼ਾ 25 ਤੇ)



ਬੰਸਰੀ ਵਾਦਕ ਗੁਰਦੇਵ ਕੌਰ ਤੇ ਰਹਿਮਤਾਂ ਦੀ ਵਰਖਾ



ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਬੱਚਿਆਂ ਨਾਲ ਸ੍ਰੀ ਸਤਿਗੁਰੂ ਜੀ



ਸ੍ਰੀ ਸਤਿਗੁਰੂ ਜੀ ਹੋਣਹਾਰ ਬੱਚਿਆਂ ਨੂੰ ਨਿਵਾਜ਼ਦੇ ਹੋਏ(ਰਿਪੋਰਟ ਸਫ਼ਾ 24 ਤੇ)

# ਸਤਿਜੁਗ

੭ ਤੋਂ ੧੩ ਹਾੜ, ੨੦੭੫ ਬਿ.
21 ਤੋਂ 27 ਜੂਨ 2018 ਈ:
ਜਿਲਦ 26,ਵੀਰਵਾਰ ਨੰਬਰ 10



**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015

E-mail : satjug@sribhainisahib.com
satjugweekly@gmail.com
Website: www.satjugonline.com



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by***
***Mr. Harvendra Singh Hanspal***
***on behalf of Namdhari Darbar.***
***Printed at Summit advertising press,***
***2DLF (Part), Moti Nagar, New Delhi***
***and Published from Namdhari Gurdwara,***
***Ramesh Nagar, New Delhi-110015.***

**Date of Publication: 27-06-2018,**
**Date of Posting: 28-29 June 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com



ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98554-46711, 70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਸੰਪਾਦਕੀ--ਬਾਬੇ ਕੇ ਬਾਬਰ ਕੇ ਦੋਊ
ਸੇਵਕ ਹਰਪਾਲ ਸਿੰਘ........................................3

* ਹਸਤ ਲਿਖਤ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ....................6

* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ...........................7

* ਪ੍ਰਵਚਨ: ਸ੍ਰੀ ਸਤਿਗੁਰੂ ਜਗਜੀਤ ਸਿਘ ਜੀ.........................7

* ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ...............................8

* ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ
ਪ੍ਰੋ.ਜਤਿੰਦਰ ਬੀਰ ਸਿੰਘ ਨੰਦਾ..........................9

* ਸੂਬਾ ਸਾਹਿਬ ਸਿੰਘ ਦਾ ਨਿਪਾਲ ਮਿਸ਼ਨ
ਸਵਰਗਵਾਸੀ ਡਾ. ਫ਼ੌਜਾ ਸਿੰਘ ਜੀ.....................11

* ਰੁਦ੍ਰ ਅਵਤਾਰ: ਦੱਤਾਤ੍ਰੇਯ
ਮਾਸਟਰ ਦਰਸ਼ਨ ਸਿੰਘ.........................13

* ਨਿਰਪੱਖ ਬਾਦਸ਼ਾਹ: ਮਹਾਰਾਜਾ ਰਣਜੀਤ ਸਿੰਘ
ਗੁਰਲਾਲ ਸਿੰਘ...............................15

* ਬਹਿ ਕੇ ਤੱਤੀ ਲੋਹ ਤੇ
ਸ.ਕਰਤਾਰ ਸਿੰਘ ਬਲੱਗਣ....................17

* He is our breath, our heart
Taranjit Singh Mumbai....................19

* ਬਾਲ ਸੰਦੇਸ਼..........................................................20

* ਖਬਰਨਾਮਾ........................................................21

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬ੍ਰਿ. (1920ਈ:) ਤੋਂ ਸਥਾਪਿਤ

ਜਿਲਦ 26 ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਨੰਬਰ 10

7 ਤੋਂ 13 ਹਾੜ 2075 ਬ੍ਰਿ: 21 to 27June 2018 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੩

## ਬਾਬੇ ਕੇ ਬਾਬਰ ਕੇ ਦੋਊ...

ਉਸ ਸਰਵ ਸ਼ਕਤੀਮਾਨ ਪਰਮਾਤਮਾ ਦੀ ਸਮਸਤ ਸਿਰਜਨਾ ਅਦਭੁੱਤ ਹੈ, ਅਸਚਰਜ ਅਤੇ ਅਚੰਭੇਜਨਕ ਹੈ। ਕਿਵੇਂ ਉਸ ਅਗੰਮੀ ਸਿਰਜਣਹਾਰ ਨੇ ਸਮੂਹ ਪ੍ਰਾਣੀ ਮਾਤਰ, ਜਿੰਨ੍ਹਾਂ ਦੀ ਉਤਪੱਤੀ ਅੰਡਜ, ਜੇਰਜ ਅਤੇ ਸੇਤਜ ਤੋਂ ਹੁੰਦੀ ਹੈ ਅਤੇ ਉਨਾਂ ਪ੍ਰਾਣੀਆਂ ਰਾਹੀਂ ਇਸ ਸੰਸਾਰ ਨੂੰ ਗਤੀਸ਼ੀਲ ਰੱਖਣ ਲਈ, ਉਨਾਂ ਦੀ ਸਰੀਰ ਸੰਰਚਨਾ, ਸੁਭਾਉ, ਸਭੋ ਕੁਝ ਇਵੇਂ ਸਿਰਜਿਆ ਹੈ ਕਿ ਕੁਝ ਇੱਕ, ਇੱਕ-ਸਾਰ ਸੁਭਾਉ ਦੇ ਕਾਰਨ ਇਕ ਦੂਸਰੇ ਦੇ ਸਹਾਇਕ ਬਣਦੇ ਹਨ, ਜਦ ਕਿ ਦੂਸਰੇ ਵਿਰੋਧਾਭਾਵ ਰੱਖਦੇ ਹੋਏ ਦੁਸ਼ਮਣ ਬਣ ਖਲੋਂਦੇ ਹਨ ਜਿਵੇਂ ਦਸਵੇਂ ਪਾਤਸ਼ਾਹ ਨੇ ਫੁਰਮਾਇਆ ਹੈ -

ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥

ਇਹ ਜੋ 'ਬਾਦੁ' ਹੈ ਇਹ ਬਾਦ ਹੀ ਅਧਰਮ ਹੈ। ਦਾਨੋ ਅਤੇ ਦੇਵਤੇ, ਜਾਤ, ਰੰਗ, ਨਸਲ ਜਾਂ ਜਨਮ ਕਰਕੇ ਨਹੀਂ ਸਗੋਂ ਕਰਮ ਕਰਕੇ ਹੁੰਦੇ ਹਨ। ਦਸਮ ਪਾਤਸ਼ਾਹ ਦਾ ਫੁਰਮਾਨ ਹੈ-

ਸਾਧ ਕਰਮ ਜੇ ਪੁਰਖ ਕਮਾਵੈ ॥
ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ॥
ਨਾਮ ਅਸੁਰ ਤਿਨ ਕੋ ਸਭ ਧਰਹੀਂ।

ਇਕ ਕਰਤਾਰੀ ਸ਼ਕਤੀਆਂ ਦੀ ਸ਼੍ਰੇਣੀ ਹੈ ਅਤੇ ਦੂਸਰੀ ਸੰਸਾਰੀ ਸ਼ਕਤੀਆਂ ਦੀ। ਕਰਤਾਰੀ ਸ਼ਕਤੀਆ ਦਾ ਸੁਭਾਉ ਖਿਮਾਂ, ਧੀਰਜ ਅਤੇ ਨਿਮਰਤਾ ਵਾਲਾ ਹੋਇਆ ਕਰਦਾ ਹੈ ਅਤੇ ਸਦਗੁਣਾਂ ਕਰਕੇ ਕਰਮ, ਹੱਕ-ਸੱਚ ਦੇ ਰਸਤੇ ਤੇ ਚੱਲਣ ਅਤੇ ਹੱਕ-ਸੱਚ ਦੀ ਰਾਖੀ ਕਰਨ ਵਾਲੀਆਂ ਇਨ੍ਹਾਂ ਸ਼ਕਤੀਆਂ ਨੇ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ-

ਰੇਤ ਤੇ ਬਾਬਰ ਦਾ ਸੀ, ਰੂਹਾਂ ਤੇ ਉਸ ਦਾ ਰਾਜ ਸੀ
ਉਹ ਜੋ ਅਕਸਰ ਆਖਦਾ ਸੀ, ਛੇੜ ਮਰਦਾਨੇ ਰਬਾਬ।

ਸਤਿਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਆਦਿ ਗੁਰੂ, ਜਿਨ੍ਹਾਂ ਦਾ ਮਨੋਰਥ ਸੀ- ਧਰਤ ਲੋਕਾਈ ਨੂੰ ਸੋਧਣਾ, ਮਨੁੱਖਾਂ ਨੂੰ ਦੇਵਤੇ ਬਣਾਉਣਾ, ਬੇਗਮਪੁਰਾ ਦੀ ਸਥਾਪਨਾ। ਬੇਗਮਪੁਰਾ- ਜਿਥੇ ਕਿਸੇ ਨੂੰ ਕੋਈ ਗਮ ਨਾ ਹੋਵੇ, ਕੋਈ ਦੁਖੀ ਨਾ ਹੋਵੇ, ਕੋਈ ਉਜ਼ਿਆ ਥੁੜਿਆ ਨਾ ਹੋਵੇ, ਅਜਿਹੇ ਰਾਜ ਦੀ, ਸਮਾਜ ਦੀ, ਸਥਾਪਨਾ ਕਰਨਾ। ਆਪਣੇ ਮਨੋਰਥ ਪੂਰਤੀ ਲਈ ਗੁਰੂ ਸਾਹਿਬ ਦੇ ਹਥਿਆਰ ਸਨ- ਖਿਮਾ, ਗਰੀਬੀ, ਬੰਦਗੀ, ਰੱਬੀ ਨਾਮ, ਰੂਹ ਦੀ ਖੁਰਾਕ ਰਾਗ ਅਤੇ ਇਲਾਹੀ ਬਾਣੀ। ਸੇਵਾ, ਸਿਮਰਨ, ਤਿਆਗ, ਵੈਰਾਗ, ਪ੍ਰੇਮ-ਭਗਤੀ ਅਤੇ ਸ਼ਕਤੀ ਦੇ ਨੂਰੀ ਪ੍ਰਕਾਸ਼ ਵਿਚ ਸਿੱਖ ਧਰਮ ਹੋਂਦ ਵਿਚ ਆਇਆ। ਇਨ੍ਹਾਂ ਸਦ-ਗੁਣਾਂ ਦੀ ਕਸਵੱਟੀ ਤੇ ਪੂਰੇ ਉਤਰਨ ਵਾਲੇ ਹੀ ਨਾਨਕ ਰਾਜ ਦੀ ਸੱਚੀ ਪਾਤਸ਼ਾਹੀ ਦੇ ਜ਼ਾਂ-ਨਸ਼ੀਨ ਥਾਪੇ ਜਾਂਦੇ ਰਹੇ। ਸੱਚੇ ਪਾਤਸ਼ਾਹ ਦਾ ਰਾਜ ਸੀ ਦਿਲਾਂ ਤੇ, ਸਭ ਦੇ ਦਿਲਾਂ ਤੇ। ਇਸੇ ਲਈ ਗੁਰੂ ਨਾਨਕ ਦੇਵ 'ਹਿੰਦੂਓਂ ਕੇ ਗੁਰੂ ਅਤੇ ਮੁਸਲਮਾਨੋਂ ਕੇ ਪੀਰ' ਕਹਿ ਕੇ ਸਤਿਕਾਰੇ ਗਏ।

ਸਿੱਖ ਧਰਮ ਦੇ ਆਦਿ ਗੁਰੂ ਬਾਬਾ, ਸਤਿਗੁਰੂ ਨਾਨਕ ਦੇਵ ਦਾ ਸਮਕਾਲੀ ਬਾਦਸ਼ਾਹ ਸੀ ਮੁਗਲ ਸਮਰਾਟ ਬਾਬਰ । 'ਬਾਬਰ' ਜਿਸ ਦਾ ਉਦੇਸ਼ ਸੀ, ਤਲਵਾਰ ਦੇ ਜ਼ੋਰ ਨਾਲ ਪਰਾਇਆ ਹੱਕ ਲੁੱਟਣਾ, ਕਤਲ ਕਰਨੇ, ਜੇਲ੍ਹਾਂ ਅਤੇ ਕਿਲੇ ਕੈਦੀਆਂ ਨਾਲ ਭਰਨੇ। ਉਸ ਦਾ ਰਾਜ ਸੀ ਜ਼ਮੀਨ ਤੇ, ਮਿੱਟੀ ਦੇ ਢੇਰ ਤੇ, ਇਸ ਸੰਸਾਰੀ ਤਖ਼ਤ ਦੇ ਵਾਰਿਸ ਆਪਣਿਆਂ ਸਕਿਆਂ ਨੂੰ ਕੈਦ ਕਰਕੇ, ਕਤਲ ਕਰਕੇ, ਤਖ਼ਤ ਹਾਸਿਲ ਕਰਦੇ ਰਹੇ। ਬਾਬਰਕਿਆਂ ਦੀਆਂ ਬਾਦਸ਼ਾਹੀਆਂ ਤਲਵਾਰ ਨਾਲ ਹੀ ਹੋਂਦ ਵਿਚ ਆਈਆਂ ਅਤੇ ਤਲਵਾਰ ਨਾਲ ਹੀ ਦਫ਼ਨ ਹੋਈਆਂ ।

ਆਦਿ ਜੁਗਾਦੀ ਸੱਚ ਦੇ ਵਾਰਿਸਾਂ ਦੀ ਸਾਂਝ ਹੈ- ਸਦਗੁਣਾਂ ਦੀ, ਸਦਭਾਵਨਾ ਦੀ ਅਤੇ ਸਾਂਝੀਵਾਲਤਾ ਦੀ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਅਤੇ 'ਸਰਬੱਤ ਦੇ ਭਲੇ' ਦਾ ਉੱਚ ਆਦਰਸ਼ ਹੈ ਗੁਰਮਤਿ ਦਰਸ਼ਨ ਦਾ। ਬਾਬੇ ਕਿਆਂ ਨੇ ਬਾਬਰਕਿਆਂ ਦੀ ਕੈਦ ਵੀ ਕੱਟੀ, ਪਰ ਆਪ ਕੈਦ ਕੱਟ ਕੇ ਹੋਰਨਾਂ ਦੀ ਕੈਦ ਵੀ ਕੱਟ ਦਿੱਤੀ ਅਤੇ ਬੰਦੀ ਛੋਡ ਅਖਵਾਏ।

ਬਾਬੇ ਕੇ ਬਾਬਰ ਕੇ ਦੋਊ॥
ਆਪ ਰਚੇ ਪਰਮੇਸਰ ਸੋਊ॥

ਤਲਵਾਰ ਦੇ ਜੋਰ ਨਾਲ ਬਣੇ ਸੰਸਾਰੀ ਬਾਦਸ਼ਾਹ ਨੂੰ ਹਮੇਸ਼ਾਂ ਸੱਚੇ ਪਾਤਸ਼ਾਹ ਤੋਂ ਭੈ ਆਉਂਦਾ ਹੈ ਅਤੇ ਅਜੇਹੇ ਗੁਰੂਆਂ ਪੀਰਾਂ ਫਕੀਰਾਂ ਨੂੰ ਆਪਣੇ ਰਾਜ ਲਈ ਖਤਰਾ ਸਮਝ ਕੇ ਸੂਲੀ ਤੇ ਟੰਗਦੇ ਰਹੇ। ਇਨਾਂ ਬਾਦਸ਼ਾਹਾਂ ਨੇ ਆਪਨੇ ਕੋਝੇ ਮਨੋਰਥਾਂ ਦੀ ਪੂਰਤੀ ਵਾਸਤੇ, ਅਧਰਮ ਵਾਸਤੇ, ਧਰਮ ਦਾ ਨਾਂ ਵਰਤਿਆ। ਸ਼ਹੀਦ ਸਰਮਦ ਦੀ ਜੀਵਨੀ (ਸਵਾਨਿਹ ਸਰਮਦ) ਵਿਚ ਅਬਦੁਲ ਕਲਾਮ ਆਜ਼ਾਦ ਲਿਖਦੇ ਹਨ – "ਇਸਲਾਮ ਦੇ ਤੇਰਾਂ ਸੌ ਸਾਲ ਦੇ ਇਤਿਹਾਸ ਵਿਚ ਧਾਰਮਿਕ ਮੁਨਸਫਾਂ (ਕਾਜ਼ੀਆਂ) ਦੀ ਕਲਮ, ਮਿਆਨੋਂ ਕੱਢੀ ਤਲਵਾਰ ਵਾਂਗ ਹੀ ਚਲਦੀ ਰਹੀ ਹੈ ਅਤੇ ਹਜ਼ਾਰਾਂ ਸੱਚ ਦੇ ਪੁਜਾਰੀਆਂ ਅਤੇ ਹੱਕ-ਪ੍ਰਸਤਾਂ ਦੇ ਖ਼ੂਨ ਲਈ ਜਿੰਮੇਵਾਰ ਰਹੀ ਹੈ। ਜਦੋਂ ਵੀ ਬਾਦਸ਼ਾਹ ਦੇ ਸਿਰ ਕਤਲੋ ਖ਼ੂਨ ਦਾ ਭੂਤ ਸਵਾਰ ਹੁੰਦਾ, ਫ਼ਿਕਾ ਦੇ ਮਾਹਰ ਦੀ ਕਲਮ ਅਤੇ ਸ਼ਾਹੀ ਸੈਨਾਪਤੀ ਦੀ ਤਲਵਾਰ ਇਕ ਸਮਾਨ ਚਲਦੀਆਂ ਸਨ"।

ਇਸ ਤਰ੍ਹਾਂ ਦੇ ਤੁਅੱਸਬੀ ਜ਼ਨੂੰਨ ਹੇਠ ਹੀ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਯਾਸਾ ਅਤੇ ਸਿਆਸਤ ਦੇ ਫ਼ਤਵੇ ਅਧੀਨ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਫ਼ੁਰਮਾਨ ਜਾਰੀ ਕੀਤਾ। ਪਰ ਇਸ ਘੋਰ ਅਪਰਾਧ ਵਿਚ ਪ੍ਰਿਥੀਆ ਅਤੇ ਚੰਦੂ ਵੀ ਦੋਸ਼ੀ ਸਨ। ਜਿਨਾਂ ਭਰਾਵਾਂ ਨੂੰ ਬਾਹਾਂ ਸਮਝਿਆ ਜਾਂਦਾ ਹੈ ਉਨ੍ਹਾਂ ਵੀ ਵੈਰ ਹੀ ਕਮਾਇਆ–

ਆਪਣਿਆਂ ਨੇ ਧ੍ਰੋਹ ਕੀਤਾ।
ਮੁਗਲਾਂ ਨੇ ਵੈਰ ਕਮਾਇਆ।
ਕਿਸੇ ਹਿੰਦੂ ਨੇ ਹਾਅ ਨਾ ਮਾਰੀ। (ਬੰਸਾਵਲੀਨਾਮਾ)

'ਸਚੁ ਸਿਰਜਨਹਾਰੇ, ਸਾਹਿਬ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨ ਦਾ ਭੰਡਾਰ, ਸੁਖਾਂ ਦੀ ਮਣੀ, ਇਲਾਹੀ ਬਾਣੀ ਰਚੀ। ਸਾਹਿਤ ਅਤੇ ਸੰਗੀਤ, ਗਿਆਨ (ਪ੍ਰਕਾਸ਼) ਤੇ ਸੰਗੀਤ (ਸੁਗੰਧੀ) ਦਾ ਸੁਮੇਲ, ਸਰਬ ਸਾਂਝੀਵਾਲਤਾ ਦਾ ਪ੍ਰਤੀਕ ਪੋਥੀ ਸਾਹਿਬ, ਬਾਣੀਆਂ ਸਿਰ ਬਾਣੀ, ਗੁਰੂਆਂ ਦੀ ਬਾਣੀ, ਗੁਰੂ ਗ੍ਰੰਥ ਸਾਹਿਬ, ਗੁਰੂ ਭਾਵ ਵੱਡਾ- ਗ੍ਰੰਥਾਂ ਚੋਂ ਸਿਰਮੌਰ, ਗੁਰੂਆਂ ਦਾ ਗ੍ਰੰਥ, ਗ੍ਰੰਥਾਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ, ਵਿਸ਼ਵ ਦਾ ਨਿਵੇਕਲਾ ਗ੍ਰੰਥ ਸੰਪਾਦਿਤ ਕੀਤਾ। ਉਹ ਗੁਰੂ ਅਰਜਨ ਸੱਚੇ ਪਾਤਸ਼ਾਹ ਆਪਣੇ ਤਨ ਦਾ ਠੀਕਰਾ ਬਾਬਰਕਿਆਂ ਸਿਰ ਭੰਨ ਕੇ ਸ਼ਹੀਦੀ ਦੀ ਪ੍ਰੰਪਰਾ ਤੋਰੀ ਅਤੇ ਸ਼ਹੀਦਾਂ ਦੇ ਸਿਰਤਾਜ ਅਖਵਾਏ।


ਸਾਹਿਬ ਪੰਚਮ ਪਾਤਸ਼ਾਹ ਦੀ ਸ਼ਹੀਦੀ ਬਾਬਰਕਿਆਂ ਦੇ ਸਾਮਰਾਜ ਦੇ ਪਤਨ ਦਾ ਆਰੰਭ ਅਤੇ ਸੱਚੀ ਪਾਤਸ਼ਾਹੀ ਬਾਬੇ ਕਿਆਂ ਦੇ ਇਲਾਹੀ ਤਖ਼ਤ ਦੇ ਭਗਤੀ ਨਾਲ ਸ਼ਕਤੀ ਦੇ ਸੁਮੇਲ ਦਾ ਸਬੱਬ ਬਣੀ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਜੀ ਦੇ ਸ਼ਬਦ ਬੜੇ ਢੁਕਵੇਂ ਹਨ –

* ਮੈਂ ਹਵਾ ਹਾਂ
ਬਿਰਖ ਹੀ ਮੇਰਾ ਸਾਜ਼ ਹੈ,
ਪਰ–ਕਿਸੇ ਸ਼ਹਿਨਸ਼ਾਹੀ ਨੂੰ ਇਤਰਾਜ਼ ਹੈ
ਕਿ ਉਨ੍ਹੰ ਪੁਛੇ ਬਿਨਾਂ
ਬੀੜ ਬਿਰਖਾਂ ਦੀ ਕਿਉਂ,
ਗੀਤ ਧਰਤੀ ਦੇ, ਦੁਖ ਸੁਖ ਦੇ
ਗਾਉਂਦੀ ਰਹੀ।......

*ਜੋ ਧਰਤੀ 'ਚ ਲੁਕ ਗਏ,
ਉਹ ਲੁਕਦੇ ਨਹੀਂ,
ਲੋਕ ਕਹਿੰਦੇ ਉਹ ਮੁੱਕ ਗਏ,
ਉਹ ਮੁੱਕਦੇ ਨਹੀਂ।
ਧਰਤ ਉਨ੍ਹਾਂ ਦੇ ਕਣ ਕਣ ਨੂੰ,
ਮੁੜ ਜੋੜ ਕੇ
ਫੁੱਲ ਪੱਤੀਆਂ ਬਣਾ ਕੇ ਉਗਾਉਂਦੀ ਰਹੀ॥

ਸੇਵਕ ਹਰਪਾਲ ਸਿੰਘ


# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
# ਹਸਤ-ਲਿਖਤ



ਧੰਨ ਗੁਰੂ ਰਾਮ ਸਿੰਘ ਜਗ ਦਾ ਉਧਾਰ ਕੀਤਾ
ਤੀਨ ਲੋਕ ਤਾਰ ਦੂਰ ਕੀਏ ਸਭ ਦੁਖ ਜੀ
ਗੁਰੂ ਰਾਮ ਸਿੰਘ ਨਾਮ ਲਏ ਤੀਨ ਲੋਕ ਪਾਰ ਪਏ
ਧ੍ਰਿਗ ਜਨਮ ਓਸਦਾ ਜੋ ਆਖਦੇ ਮਨੁਖ ਜੀ
ਸੰਗਤਾਂ ਬਣਾਈਆਂ ਗੁਰੂ ਰਾਮ ਸਿੰਘ ਚਾਰ ਤੂਫ
ਸਾਹਿਬ ਸਿੰਘ ਲਾਡਲਾ ਸਪੂਤ ਜਾਕੋ ਸੁਤ ਜੀ
ਮਨ ਤਨ ਸੀਤਲ ਬਣਾਇਆ ਗੁਰੂ ਰਾਮ ਸਿੰਘ
ਨਾਮ ਦੈ ਅਧਾਰ ਕੈ ਅਘਾਏ ਸਭ ਮੁਖ ਜੀ

ਸਾਰੇ ਜਥੇਦਾਰ ਯਾਦ ਕਰਨ


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



-ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ।ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ। ਗੁਰੂ ਜੀ ਕਾ ਬਚਨ ਹੈ ਸਰਬ ਰੋਗ ਕਾ ਅਉਖਧੁ ਨਾਮੁ। ਨਾਮ ਤੇ ਬਾਣੀ ਦਾ ਬਡਾ ਪ੍ਰਤਾਪ ਹੈ,ਪਰਸਪਰ ਮੇਲਾ ਹੈ।ਦੇਖੋ ਨਾਮ ਵਿਚ ਕੇਡੀ ਕਲਾ ਹੈ। ਸੋ ਕਈ ਹਜਾਰ ਭੋਗ ਪਿਆ ਹੈ ਨਾਮ ਕੀ ਕਲਾ ਸੇ,ਅਰ ਕਈ ਹਜਾਰ ਸਿੰਘ ਬਾਣੀ ਦੇ ਉਚਾਰ ਨੂ ਲਗਾ ਹੈ।ਅਰ ਬਾਣੀ ਨਾਮ ਕੇ ਗੁਣਾ ਕੋ ਉਚਾਰ ਕਰਦੀ ਹੈ।ਸੋ ਏ ਦੋਨੋ ਅਮੋਲਕ ਚੀਜਾ ਹੈ।ਇਨਾ ਕਾ ਕੁਛ ਮੁਲ ਨਹੀ ਕਹਿਆ ਜਾਦਾ।ਸਿਖਾ ਨੂ ਖਾਲਸਾ ਜੀ ਆਪ ਗੁਰੂ ਸਾਹਿਬ ਕ੍ਰਿਪਾ ਕਰਕੇ ਦਾਨ ਦਿਤਾ ਹੈ ਸੋ ਤੁਸੀ ਤਕੜੇ ਹੋ ਕੇ ਉਚਾਰ ਕਰਨਾ ਸਾਰੀ ਸੰਗਤਿ ਨੇ ਤੁਰਦੇ ਫਿਰਦੇ ਕੰਮ ਕਿਰਤ ਕਰਦੇ।

(ਹੁਕਮਨਾਮਾ ੩)

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਦੁਰਲਭ ਦੇਹ

ਸਤਿਗੁਰਾਂ ਨੇ ਬਾਣੀ ਵਿੱਚ ਬਾਰ-ਬਾਰ ਲਿਖਿਆ ਹੈ ਕਿ ਇਹ ਮਨੁੱਖ ਜਨਮ , ਚੁਰਾਸੀ ਲੱਖ ਜੂਨ ਵਿੱਚੋਂ ਬਾਹਰ ਨਿਕਲਣ ਵਾਸਤੇ ਸਾਨੂੰ ਸਮਾਂ ਮਿਲਿਆ ਹੈ। ਫਰੀਦ ਜੀ ਨੇ ਲਿਖਿਆ ਹੈ-

**ਫਰੀਦਾ ਉਮਰ ਸੁਹਾਵੜੀ, ਸੰਗਿ ਸੁਵੰਨੜੀ ਦੇਹ...**
**ਵਿਰਲੇ ਕੇਈ ਪਾਈਅਨ੍ਹਿ ਜਿਨ੍ਹਾ ਪਿਆਰੇ ਨੇਹ॥**

ਫ਼ਰੀਦ ਜੀ ਨੇ ਇਹ ਵੀ ਲਿਖਿਆ ਹੈ-

**ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥**

ਖਜੂਰਾਂ ਪੱਕੀਆਂ ਨੇ ਅਤੇ ਸ਼ਹਿਦ ਦੀਆਂ ਨਦੀਆਂ ਵਗਦੀਆਂ ਨੇ। ਇਹ ਸਾਰਾ ਕੁਛ ਤੇਰੇ ਕੋਲ ਹੋ ਰਿਹਾ ਹੈ-

**ਜੋ ਜੋ ਵੰਞੈਂ ਡੀਹੜਾ ਸੋ ਉਮਰ ਹੱਥ ਪਵੰਨਿ।**

ਜਿਹੜਾ ਦਿਨ ਲੰਘ ਗਿਆ, ਤੇਰੀ ਉਮਰ ਨੂੰ ਹੱਥ ਪੈ ਗਿਆ, ਉਹ ਨਹੀਂ ਵਾਪਿਸ ਔਣਾ। ਇਹਦੇ ਵਾਸਤੇ ਮਾਸ ਸ਼ਰਾਬ ਦਾ ਤਿਆਗ ਕਰਕੇ, ਭਜਨ ਪੁੱਛੋ, ਭਜਨ ਕਰੋ, ਸਿਮਰਨ ਕਰੋ।

## ਸੰਤ ਜੋਰਾ ਸਿੰਘ ਜੀ ਦੇ ਭੋਗ ਸਮਾਗਮ ਸਮੇਂ ਹਿੰਮਤਪੁਰਾ (ਮੋਗਾ) 10 ਜੂਨ 2018

# ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਸਟੇਜ ਤੇ ਬਿਰਾਜਮਾਨ ਸਾਧੂ-ਸੰਤ, ਪਤਵੰਤੇ ਸੱਜਣ, ਨੇਤਾ ਸੱਜਣ ਅਤੇ ਸਭ ਤੋਂ ਸਤਿਕਾਰਯੋਗ ਸਾਧ ਸੰਗਤ ਜੀ ਜਿਸ ਸੰਤ ਜੋਰਾ ਸਿੰਘ ਜੀ ਦੀ ਯਾਦ ਵਿੱਚ ਤੁਸੀਂ ਅੱਜ ਏਥੇ ਇਕੱਠੇ ਹੋਏ ਹੋ, ਜਿਸ ਸੱਚੇ ਪਾਤਸ਼ਾਹ ਤੋਂ ਉਹ ਵਰੋਸਾਏ ਹੋਏ ਸਨ, ਜਿਨ੍ਹਾਂ ਤੋਂ ਵਰੋਸਾਏ ਹੋਏ ਉਹਨਾਂ ਸਿੱਖੀ ਦਾ ਪ੍ਰਚਾਰ ਕੀਤਾ, ਉਨ੍ਹਾਂ ਨੂੰ ਯਾਦ ਕਰਦੇ ਹੋਏ ਇੱਕ ਵਾਰ ਬੜੇ ਪਿਆਰ ਨਾਲ ਆਖੀਏ- ਧੰਨ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ।

ਮੇਰੇ ਤੋਂ ਪਹਿਲਾਂ ਵਕਤਿਆਂ ਨੇ ਦੱਸਿਆ ਕਿ ਸੰਤਾਂ ਦਾ ਪਹਿਲਾ ਜੀਵਨ ਕਿਸ ਤਰ੍ਹਾਂ ਦਾ ਸੀ, ਨਸ਼ਿਆਂ ਵਿੱਚ ਸੀ। ਪਰ ਇਹ ਉਹ ਟਾਈਮ ਆਉਂਦਾ ਹੈ, ਇਹ ਸਾਡੇ ਆਪਣੇ ਕਿਸੇ ਦੇ ਵੱਸ ਨਹੀਂ ਹੁੰਦਾ ਤੇ ਉਹ ਸੱਚੇ ਪਾਤਸ਼ਾਹ ਲਿਖਿਆ-

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**

ਜਦੋਂ ਉਹ ਟਾਈਮ ਆਉਂਦਾ ਹੈ, ਉਦੋਂ ਹੀ ਨਾਮ ਜਪਿਆ ਜਾਂਦਾ ਹੈ। ਉਹਨਾਂ ਦੀ ਕਿਰਪਾ ਤੋਂ ਬਿਨਾਂ ਨਾਮ ਨਹੀਂ ਜਪਿਆ ਜਾਂਦਾ। ਪਰ ਮੈਂ ਸੰਤ ਜੋਰਾ ਸਿੰਘ ਹੋਰਾਂ ਦੇ ਦਰਸ਼ਨ ਕੀਤੇ, ਪਿਛਲੇ 10-15 ਸਾਲ ਤੋਂ, ਕੋਈ ਮੇਲਾ ਉਹਨਾਂ ਨਹੀਂ ਛੱਡਿਆ, ਕੋਈ ਉਹ ਥਾਂ ਨਹੀਂ ਜਿੱਥੇ ਆ ਕੇ ਉਹਨਾਂ ਸੇਵਾ ਨਹੀਂ ਕੀਤੀ। ਇਹ ਨਿਸ਼ਕਾਮ ਸੇਵਾ ਕੀਤੀ ਹੈ ਬਿਨਾਂ ਇਸ ਡੇਰੇ ਤੋਂ, ਕੋਈ ਇਹ ਲਾਲਚ ਨਹੀਂ ਕਿ ਮੈਂ ਆਪਣੇ ਘਰ ਦੀ ਜਗ੍ਹਾ ਬਣਾ ਲਵਾਂ। ਉਹਨਾਂ ਨੇ ਆਪਣਾ ਪੂਰਾ ਸਮਰਪਣ ਇਸ ਡੇਰੇ ਵਾਸਤੇ ਕੀਤਾ। ਇਹ ਠੀਕ ਹੈ ਕਿ ਇਹ ਜੋ ਕਿਰਪਾ ਹੋਈ ਹੈ ਉਹ ਮਹਾਨ ਕਰਮਯੋਗੀ ਸਾਧੂ, ਸੰਤ ਕਰਮ ਸਿੰਘ ਜੀ ਦੇ ਨਾਮ ਤੇ ਇਹ ਡੇਰਾ ਚੱਲਦਾ ਹੈ । ਜਿਨ੍ਹਾਂ ਦੀਆਂ ਸਾਖੀਆਂ ਤੁਸੀਂ ਬਹੁਤ ਸੁਣੀਆਂ ਹਨ, ਤੇ ਸਤਿਗੁਰੂ ਜਗਜੀਤ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਵੀ ਉਸ ਸਾਧੂ ਦੀਆਂ ਬਹੁਤ ਸਾਖੀਆਂ ਨੇ, ਬਹੁਤ ਪ੍ਰਭਾਵਿਤ ਕਰਨ ਵਾਲੀਆਂ ਹਨ। ਏਨੀ ਸ਼ਕਤੀ ਹੁੰਦਿਆਂ ਹੋਇਆਂ ਉਹਨਾਂ ਦਾ ਜੀਵਨ ਕਿੰਨਾ ਸਾਦਾ ਸੀ। ਉਹਨਾਂ ਤੋਂ ਪ੍ਰਭਾਵਿਤ ਹੋਏ ਅੱਗੋਂ ਤੁਸੀਂ ਸੰਤ ਹਰਨਾਮ ਸਿੰਘ ਜੀ, ਸੰਤ ਗੁਰਮੁਖ ਸਿੰਘ ਜੀ, ਸੰਤ ਜੋਰਾ ਸਿੰਘ ਜੀ ਦੇਖੇ ਹਨ। ਸੰਤ ਜੋਰਾ ਸਿੰਘ ਜੀ ਨੂੰ ਜਿੰਨਾ ਵੀ ਮੈਂ ਦੇਖਿਆ ਹੈ, ਉਹਨਾਂ ਨੇ ਇਹ ਜਿਹੜੀ ਅੱਜ ਡੇਰੇ ਦੀ ਇਮਾਰਤ ਖਲੋਤੀ ਹੈ, ਜਿਹੜੀ ਗਊਸ਼ਾਲਾ ਹੈ, ਇਹ ਸੇਵਾ ਉਨ੍ਹਾਂ ਦੇ ਹਿੱਸੇ ਆਈ ਹੈ। ਇਹ ਬਹੁਤ ਵੱਡੀ ਸੇਵਾ ਜਿਹੜੀ ਸੇਵਾ, ਸੱਚੇ ਪਾਤਸ਼ਾਹ ਨੇ ਸੰਤ ਜੋਰਾ ਸਿੰਘ ਹੋਰਾਂ ਤੋਂ ਲਈ ਹੈ। ਇਹ ਕਿਸ ਤਰ੍ਹਾਂ ਸੱਚੇ ਪਾਤਸ਼ਾਹ ਨੇ ਕਿਰਪਾ ਕਰਕੇ ਉਹਨਾਂ ਨੂੰ ਸਾਰੀਆਂ ਕੁਰੀਤੀਆਂ ਵਿੱਚੋਂ ਕੱਢ ਕੇ ਆਪਣੇ ਚਰਨੀਂ ਲਾ ਕੇ ਇਹ ਸੇਵਾ ਲਈ ਹੈ। ਜਦੋਂ ਮਾਤਾ ਜੀ ਨੇ ਵੀ ਏਥੇ ਆਉਣਾ,ਇਹ ਚਿੰਤਾ ਕਰਨੀ ਕਿ ਸੰਤਾਂ ਦੇ ਅੱਗੋਂ ਕੋਈ ਸੇਵਕ ਨਹੀਂ ਤਿਆਰ ਕੀਤਾ ਪਰ ਮੈਂ ਸਮਝਦਾ ਹਾਂ ਕਿ ਉਹ ਤਿਆਰ ਕੀਤਿਆਂ ਤਿਆਰ ਨਹੀਂ ਹੁੰਦਾ। ਦੁਨੀਆਂਦਾਰੀ ਦੀਆਂ ਗੱਲਾਂ ਹੁੰਦੀਆਂ ਹਨ ਕਿ ਕੋਈ ਸੇਵਕ ਤਿਆਰ ਨਹੀਂ ਕੀਤਾ, ਉਹ ਕਿਰਪਾ ਹੋਈ ਹੈ ਸੰਤ ਜਸਵੰਤ ਸਿੰਘ ਜੀ ਤੇ, ਜਿਨ੍ਹਾਂ ਨੂੰ ਸੰਤਾਂ ਨੇ ਨਾਲ ਲਾਇਆ। ਮੈਂ ਸਮਝਦਾਂ ਹਾਂ ਇਹ ਗੱਲਾਂ ਕਰਨ ਵਾਲੇ, ਨਿੰਦਿਆ ਕਰਨ ਵਾਲੇ,ਆਪੋ ਆਪਣੇ ਢੰਗ ਨਾਲ ਕਰਦੇ ਰਹਿੰਦੇ ਹਨ। ਪਰ ਇਸ ਨੌਜਵਾਨ ਦੀ ਬੜੀ ਕੁਰਬਾਨੀ ਹੈ ਜਿਹੜਾ ਆਪਣਾ ਘਰ ਛੱਡ ਕੇ, ਆਪਣਾ ਗ੍ਰਹਿਸਥੀ ਜੀਵਨ ਛੱਡ ਕੇ, ਉਹ ਇਹ ਪ੍ਰਣ ਕਰਕੇ ਕਿ ਮੈਂ ਇਸ ਡੇਰੇ ਦੀ ਸੇਵਾ ਕਰਾਂਗਾ, ਏਥੇ ਲੱਗੇ ਹਨ।

ਇੱਕ ਮੇਰੀ ਅਰਦਾਸ ਹੈ ਤੇ ਇਹ ਤੁਹਾਡੇ ਸਾਰਿਆਂ ਕੋਲ ਬੇਨਤੀ ਹੈ ਕਿ ਆਪਾਂ ਇਸ ਅਰਦਾਸ ਵਿੱਚ ਸ਼ਾਮਲ ਹੋਈਏ ਕਿ ਸੰਤ ਜਸਵੰਤ ਸਿੰਘ ਹੋਰਾਂ ਨੂੰ ਸੱਚੇ ਪਾਤਸ਼ਾਹ ਕਿਰਪਾ ਕਰਨ ਇਹ ਆਪ ਨਾਮ ਜੱਪ ਸੱਕਣ ਤੇ ਬਾਕੀ ਸੰਗਤ ਨੂੰ ਨਾਮ ਜਪਵਾ ਸੱਕਣ। ਕਿਉਂਕਿ ਬਾਕੀ ਸਾਰੀਆਂ ਗੱਲਾਂ ਵਿੱਚ ਆ ਜਾਂਦੀਆਂ ਹਨ। ਜਿੱਥੇ ਨਾਮ ਜੱਪਿਆ ਜਾਵੇ, ਉਸ ਤੋਂ ਉੱਤੇ ਹੋਰ ਕੋਈ ਥਾਂ ਨਹੀਂ। ਜਿਹੜਾ ਆਪ ਨਾਮ ਜਪਦੈ , ਜਪਾਉਂਦੈ, ਸਾਡੇ ਗੁਰੂ ਸਾਹਿਬ ਨੇ ਆਖਿਆ ਹੈ ਕਿ ਮੈਂ ਉਹਨਾਂ ਦੇ ਚਰਨਾਂ ਦੀ ਧੂੜ ਮੰਗਦਾ ਤੇ ਸਾਡੀ ਸਾਰਿਆਂ ਤੋਂ ਵੱਡੀ ਮੰਗ ਇਹਨਾਂ ਵਾਸਤੇ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਇਹਨਾਂ ਨੂੰ ਨਾਮ ਦਾ ਦਾਨ ਦੇਣ, ਆਪ ਨਾਮ ਜੱਪਣ ਤੇ ਦੂਸਰਿਆਂ ਨੂੰ ਨਾਮ ਜਪਵਾਉਣ, ਬਾਕੀ ਸਾਰੀਆਂ ਚੀਜਾਂ ਮਗਰ ਆ ਜਾਂਦੀਆਂ ਹਨ।

ਅਸੀਂ ਸੋਚਦੇ ਹਾਂ ਕਿ ਇੱਕ ਸਾਧੂ ਸੰਤ ਕਰਮ ਸਿੰਘ ਹੋਰਾਂ ਦੇ ਰੂਪ ਵਿੱਚ, ਉਹਨਾਂ ਨੇ ਨਾਮ ਜੱਪਿਆ ਤੇ ਨਾਮ ਜਪਵਾਇਆ ਤੇ ਦੇਖੋ ਏਥੇ ਕਿਸ ਤਰ੍ਹਾਂ ਲਹਿਰਾਂ ਬਹਿਰਾਂ ਹੋ ਗਈਆਂ ਹਨ। ਸ਼ਾਇਦ 70-80 ਸਾਲ ਹੋ ਗਏ ਹਨ ਏਥੇ ਮੇਲੇ ਲੱਗਦਿਆਂ ਨੂੰ, ਏਥੇ ਡੇਰਾ ਚੱਲਦਿਆਂ ਨੂੰ, ਸੱਚੇ ਪਾਤਸ਼ਾਹ ਕਿਰਪਾ ਕਰਨ ਇਹਨਾਂ ਨੂੰ ਵੀ ਉਹ ਜੀਵਨ ਦੇਣ ਜਿਸ ਤਰ੍ਹਾਂ ਉਹਨਾਂ ਨੇ ਬਖਸ਼ਿਸ਼ ਕੀਤੀ, ਸੰਤ ਜੋਰਾ ਸਿੰਘ ਹੋਰਾਂ ਤੇ ਕਿਰਪਾ ਕੀਤੀ। ਇਹਨਾਂ ਨੂੰ ਨਾਮ ਦੀ ਬਖਸ਼ਸ਼ ਕਰਨ, ਇਹ ਤਕੜੇ ਹੋ ਕੇ ਆਪ ਨਾਮ ਜੱਪਣ ਤੇ ਨਾਮ ਜਪਵਾਉਣ।

ਅੱਜ ਤੁਸੀਂ ਸਾਰੇ ਸੰਤ ਜੋਰਾ ਸਿੰਘ ਦੀ ਯਾਦ ਵਿੱਚ ਇਕੱਠੇ ਹੋਏ ਹੋ, ਸੱਚੇ ਪਾਤਸ਼ਾਹ ਬਖਸ਼ਸ਼ ਕਰਨ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਇਹਨਾਂ ਤੇ ਅੱਗੋਂ ਕਿਰਪਾ ਕਰਨ ਤਾਂ ਕਿ ਇਹ ਉਸੇ ਤਰ੍ਹਾਂ ਹੀ ਵਧ ਚੜ੍ਹ ਕੇ ਸਿੱਖੀ ਦਾ ਪ੍ਰਚਾਰ ਕਰ ਸੱਕਣ। ਆਪ ਨਾਮ ਨਾਲ ਜੁੜਣ ਤੇ ਬਾਕੀ ਸਾਰਿਆਂ ਨੂੰ ਵੀ ਨਾਮ ਨਾਲ ਜੋੜਣ। ਮੈਂ ਏਨੀ ਅਰਜ ਕਰਕੇ ਤੁਹਾਡੇ ਸਭ ਤੋਂ ਆਗਿਆ ਮੰਗਦਾ ਹਾਂ। ਸਤਿ ਸ੍ਰੀ ਅਕਾਲ।

# ਗੁਰੂ ਅਰਜਨ ਦੇਵ ਜੀ ਦੀ ਸਖਸ਼ੀਅਤ ਦੇ ਤਿੰਨ ਅਲੌਕਿਕ ਰੂਪ

-ਪ੍ਰੋ. ਜਤਿੰਦਰ ਬੀਰ ਸਿੰਘ ਨੰਦਾ

ਪੰਜਾਬ ਦੇ ਇਤਿਹਾਸ ਵਿਚ ਪੰਜਵੇਂ ਗੁਰੂ, ਸਤਿਗੁਰੂ ਅਰਜਨ ਦੇਵ ਜੀ ਦੀ ਸਖਸ਼ੀਅਤ ਇਕ ਅਜਿਹੀ ਜਲੌ ਭਰੀ ਤ੍ਰੈਮੂਰਤੀ ਦੇ ਰੂਪ ਵਿਚ ਸੁਭਾਇਮਾਨ ਹੁੰਦੀ ਹੈ। ਜਿਸ ਦੀਆਂ ਅਲੌਕਿਕ ਕਿਰਨਾਂ ਵਿਚੋਂ ਜੋ ਤਿੰਨ ਰੂਪ ਮੁੱਖ ਤੌਰ ਤੇ ਰੋਸ਼ਨ ਹੁੰਦੇ ਹਨ, ਉਹ ਹਨ ਉਨ੍ਹਾਂ ਦੀ ਸਦੀਵੀ ਸ਼ਹੀਦੀ ਦਾ ਰੂਪ, ਕਾਵਿ ਸੁੰਦਰਤਾ ਦਾ ਉਜਵਲ ਰੂਪ ਤੇ ਆਦਿ ਗੁਰੂ ਗ੍ਰੰਥ ਦੀ ਸੰਪਾਦਨਾ ਦਾ ਰੂਪ ਹੈ। ਇਸ ਅਲੌਕਿਕ ਤ੍ਰੈਮੂਰਤੀ ਦੇ ਇਹ ਤਿੰਨ ਰੂਪ ਆਪਸ ਵਿਚ ਇਸ ਤਰ੍ਹਾਂ ਮਿਲ ਗਏ ਹਨ ਕਿ ਇਨ੍ਹਾਂ ਨੂੰ ਇਕ ਦੂਸਰੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਇਹ ਸਿੱਖ ਇਤਿਹਾਸ, ਸਿੱਖ ਮਾਨਸਿਕਤਾ ਤੇ ਸਿੱਖ ਸਿਧਾਂਤਾ ਵਿਚ ਇੰਨੇ ਰਚ-ਮਿਚ ਗਏ ਹਨ ਕਿ ਇਨ੍ਹਾਂ ਨੇ ਸਮੁੱਚੀ ਸਿੱਖ ਵਿਚਾਰਧਾਰਾ ਤੇ ਸਿੱਖ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਸ ਪ੍ਰੰਪਰਾ ਨੂੰ ਦ੍ਰਿੜ੍ਹ ਕਰਾਉਂਦੀ ਹੈ ਕਿ ਅਸਲੀ ਸਿੱਖ ਕਦੇ ਸਿਧਾਂਤਾਂ ਤੇ ਅਸੂਲਾਂ ਦੀ ਬਲੀ ਦੇ ਕੇ ਰਾਜ ਸੱਤਾ ਨਾਲ ਸਮਝੌਤਾ ਨਹੀਂ ਕਰਦਾ। ਸ਼ਹੀਦ ਅਸੀਂ ਉਸ ਨੂੰ ਵੀ ਕਹਿੰਦੇ ਹਾਂ, ਜੋ ਯੁੱਧ ਭੂਮੀ ਵਿਚ ਦੁਸ਼ਮਨ ਨਾਲ ਲੜਦਾ ਹੋਇਆ ਮਾਰਿਆ ਜਾਂਦਾ ਹੈ। ਸ਼ਹੀਦ ਉਹ ਵੀ ਕਹਾਉਂਦਾ ਹੈ, ਜੋ ਭੁੱਖ ਹੜਤਾਲ ਤੇ ਮਰਨ ਵਰਤ ਰੱਖ ਕੇ ਦਮ ਤੋੜਦਾ ਹੈ ਤੇ ਕਿਸੇ ਇਕੱਠ ਵਿਚ ਗੋਲੀ ਖਾ ਕੇ ਮਰਨ ਵਾਲੇ ਨੂੰ ਵੀ ਸ਼ਹੀਦ ਕਹਿੰਦੇ ਹਨ। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਨ੍ਹਾਂ ਸਾਰੀਆਂ ਵੰਨਗੀਆਂ ਨਾਲੋਂ ਉਚੇਰੀ ਸੀ। ਕਿੱਥੇ ਗੁਰੂ ਅਰਜਨ ਦੇਵ ਜੀ ਦਾ ਸਵੈਮਾਨ ਭਰਿਆ ਵਤੀਰਾ ਧਾਰਨ ਕਰਕੇ ਭਾਰਤ ਦੇ ਬਾਦਸ਼ਾਹ ਜਹਾਂਗੀਰ ਦਾ ਲਗਾਇਆ ਜੁਰਮਾਨਾ ਭਰਨ ਤੋਂ ਇਨਕਾਰ ਕਰਨਾ, ਫਿਰ ਤੱਤੀ ਤਵੀ ਤੇ ਬੈਠਣਾ, ਉਪਰੋਂ ਉਬਲਦੀ ਹੋਈ ਭੁੱਬਲ ਨੂੰ ਸਹਾਰਨਾ ਤੇ ਠੰਢੇ ਪਾਣੀ ਵਿਚ ਸ਼ਹੀਦੀ ਪਾਉਣਾ। ਅਜੇਹੀ ਮਿਸਾਲ ਤਾਂ ਸ਼ਹਾਦਤ ਦੀ ਦੁਨੀਆਂ ਵਿਚ ਕਿਤੇ ਵੀ ਪ੍ਰਾਪਤ ਨਹੀਂ ਹੁੰਦੀ। ਆਪ ਦੀ ਅਜੇਹੀ ਬਹਾਦਰੀ ਤੇ ਸਾਹਸ ਭਰੀ ਸ਼ਹੀਦੀ ਨੇ ਸਿੱਖ ਧਰਮ ਵਿਚ ਸ਼ਹਾਦਤ ਦਾ ਅਜਿਹਾ ਦਰ ਖੋਲ੍ਹਿਆ ਹੈ ਜਿਸ ਤੇ ਤੁਰਦੇ ਹੋਏ ਬਾਅਦ ਵਿਚ ਭਾਈ ਮਤੀ ਦਾਸ ਨੂੰ ਉਬਲਦੀ ਦੇਗ ਵਿਚ ਉਬਾਲਿਆ ਗਿਆ। ਭਾਈ ਮਨੀ ਸਿੰਘ ਦੇ ਬੰਦ ਬੰਦ ਕੱਟੇ ਗਏ। ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਹੀ ਨੀਹਾਂ ਵਿਚ ਚਿਣਵਾਇਆ ਗਿਆ। ਬੰਦਾ ਬਹਾਦਰ ਦੇ ਬੱਚੇ ਨੂੰ ਉਸ ਦੇ ਸਾਹਮਣੇ ਕਤਲ ਕੀਤਾ ਗਿਆ ਅਤੇ ਉਸਨੂੰ ਤਸੀਹੇ ਦੇ ਕੇ ਮਾਰਿਆ ਗਿਆ। ਇਤਿਹਾਸ ਵਿਚ ਸਿੱਖ ਧਰਮ ਦੀ ਸ਼ਹੀਦੀ ਦੀ ਪ੍ਰੰਪਰਾ ਦਾ ਸਰਮਾਇਆ ਕਿਸੇ ਕੌਮ ਨੂੰ ਪ੍ਰਾਪਤ ਨਹੀਂ ਹੋਇਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਧਰਮ ਦੇ ਪੌਦੇ ਨੂੰ ਆਪਣੇ ਲਹੂ ਨਾਲ ਸਿੰਜਿਆ। ਇਹ ਹੀ ਕਾਰਨ ਹੈ ਕਿ ਸਿੱਖ ਕੌਮ ਹੁਣ ਤੱਤੀ ਤਵੀ ਤੇ ਬੈਠਣ ਵਾਲੇ ਸ਼ਹੀਦ ਗੁਰੂ ਦੀ ਯਾਦ ਵਿਚ ਭੁੱਖਿਆਂ ਪਿਆਸਿਆਂ ਨੂੰ ਠੰਢੀਆਂ ਮਿੱਠੀਆਂ ਛਬੀਲਾਂ ਤੇ ਲੰਗਰ ਲਗਾ ਕੇ ਉਨ੍ਹਾਂ ਦੀ ਭੁੱਖ ਪਿਆਸ ਮਿਟਾਉਂਦੀ ਹੈ।

ਆਪਣੀ ਕੇਵਲ 43 ਸਾਲ ਦੀ ਉਮਰ ਵਿਚ (1563-1606ਈ:) ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ ਅਜਿਹੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਤੋਂ ਉਨ੍ਹਾਂ ਦੀ ਸਖਸ਼ੀਅਤ ਦੀ ਨਿਮਰਤਾ, ਸਾਦਗੀ ਤੇ ਲਾਸਾਨੀ ਪ੍ਰਤਿਭਾ ਦੇ ਪੱਖ ਉਜਾਗਰ ਹੁੰਦੇ ਹਨ। ਗੁਰੂ ਸਾਹਿਬ ਦਾ ਸਾਰਾ ਜੀਵਨ ਤੀਬਰ ਘਟਨਾਵਾਂ ਦਾ ਜੀਵਨ ਹੈ। ਉਨ੍ਹਾਂ ਦੇ ਆਪਣੇ ਘਰ ਵਿਚ ਹੀ ਉਨ੍ਹਾਂ ਦੇ ਵੱਡੇ ਭਾਈ ਪ੍ਰਿਥੀ ਚੰਦ ਤੇ ਉਸਦੀ ਪਤਨੀ ਨੇ ਉਨ੍ਹਾਂ ਨਾਲ ਜਿੰਨਾਂ ਵੈਰ ਕਮਾਇਆ ਉਹ ਉਨ੍ਹਾਂ ਦੀ ਸ਼ਾਂਤ ਤੇ ਨਿਰਲੇਪ ਸਖਸ਼ੀਅਤ ਨੂੰ ਉਜਾਗਰ ਕਰਦਾ ਹੈ। ਵੈਰ, ਵਿਰੋਧ, ਈਰਖਾ ਦੇ ਚਿੱਕੜ ਵਿਚ ਆਪ ਕੰਵਲ ਦੇ ਫੁੱਲ ਦੀ ਤਰ੍ਹਾਂ ਹਮੇਸ਼ਾਂ ਲਈ ਮੁਸਕਰਾਂਦੇ ਰਹੇ। ਪ੍ਰਿਥੀ ਚੰਦ ਦੀ ਪਤਨੀ ਨੇ ਇਕ ਵਾਰ ਉਹਨਾਂ ਦੇ ਸਿਰ ਤੇ ਸੁਆਹ ਸੁੱਟੀ ਤਾਂ ਆਪ ਨੇ ਆਖਿਆ ਕਿ ਇਹ ਤਾਂ ਫੁੱਲਾਂ ਦੀ ਵਰਖਾ ਹੋ ਰਹੀ ਹੈ। ਪ੍ਰਿਥੀ ਚੰਦ ਦਾ ਵੈਰ ਕੇਵਲ ਸ਼ਰੀਕੇ ਦੇ ਘਰ ਤੱਕ ਹੀ ਸੀਮਿਤ ਨਾ ਰਿਹਾ, ਸਗੋਂ ਉਹ ਲਾਹੌਰ ਦੇ ਕਾਰਦਾਰ ਸ਼ਕਤੀ ਖਾਨ ਤੇ ਉਸ ਦੇ ਦੀਵਾਨ ਚੰਦੂ ਲਾਲ, ਪਿਛਾਂਹ ਖਿੱਚੂ ਵਿਚਾਰਾਂ ਵਾਲੇ ਮੁਲਾਣਿਆਂ ਤੇ ਪੰਡਤਾਂ ਨੂੰ ਇਹ ਕਹਿ ਕੇ ਭੜਕਾਉਂਦਾ ਰਿਹਾ ਕਿ ਗੁਰੂ ਅਰਜਨ ਦੇਵ ਜੀ ਇਕ ਅਜੇਹਾ ਗ੍ਰੰਥ ਤਿਆਰ ਕਰ ਰਹੇ ਹਨ ਜਿਸ ਵਿਚ ਮੁਸਲਮਾਨਾਂ ਤੇ ਹਿੰਦੂਆਂ ਦੇ ਖਿਲਾਫ ਗੱਲਾਂ ਲਿਖੀਆਂ ਗਈਆਂ ਹਨ। ਜਿੰਨਾਂ ਚਿਰ ਅਕਬਰ ਬਾਦਸ਼ਾਹ ਜੀਉਂਦਾ ਰਿਹਾ ਉਸ ਨੇ ਆਪਣੀ ਨੀਤੀ ਅਨੁਸਾਰ ਸਿੱਖ ਧਰਮ ਤੇ ਗੁਰੂ ਅਰਜਨ ਦੇਵ ਜੀ ਨਾਲ ਮੱਥਾ ਲਾਉਣ ਤੇ ਟਕਰਾਉਣ ਤੋਂ ਪ੍ਰਹੇਜ਼ ਕੀਤਾ। ਪਰ ਜਹਾਂਗੀਰ ਬਾਦਸ਼ਾਹ ਤਖ਼ਤ ਤੇ ਬੈਠਿਆ ਤਾਂ ਉਹ ਸੁਭਾਵਿਕ ਹੀ ਸਿੱਖ ਧਰਮ ਨਾਲ ਈਰਖਾ ਤੇ ਵੈਰ ਦੀ ਭਾਵਨਾ ਰਖਦਾ ਸੀ। ਜਹਾਂਗੀਰ ਆਪਣੀ ਆਤਮ-ਕਥਾ ਵਿਚ ਲਿਖਦਾ ਹੈ ਕਿ ਪੰਜਾਬ ਵਿਚ ਕੋਈ ਸੰਤ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਨਾਲ ਜੋੜ ਲੈਂਦਾ ਹੈ, ਉਸ ਨੇ ਕਾਫ਼ੀ ਪ੍ਰਭਾਵ ਗ੍ਰਹਿਣ ਕਰ ਲਿਆ ਹੈ। ਉਹ ਲਿਖਦਾ ਹੈ ਕਿ ਜਦੋਂ ਉਹ ਬਾਦਸ਼ਾਹ ਬਣੇਗਾ ਅਜਿਹੇ ਧਾੜਵੀਆਂ ਨੂੰ ਕੁਚਲ ਕੇ ਰੱਖ ਦੇਵੇਗਾ। ਬਾਦਸ਼ਾਹ ਦੀ ਨਫਰਤ ਦੀ ਭਾਵਨਾ ਨੂੰ ਚੰਦੂ ਨੇ ਹੋਰ ਭੜਕਾਇਆ। ਅਕਬਰ ਬਾਦਸ਼ਾਹ ਦੀ ਮੌਤ ਤੋਂ ਬਾਅਦ ਜਦੋਂ ਸਹਿਜ਼ਾਦਾ ਖੁਸਰੋ ਨੇ ਬਗਾਵਤ ਕੀਤੀ ਤਾਂ ਜਹਾਂਗੀਰ ਦਾ ਲਸ਼ਕਰ ਵੀ ਉਸ ਦਾ ਪਿੱਛਾ ਕਰਦਾ ਹੋਇਆ ਪੰਜਾਬ ਆਇਆ।

ਉਸ ਸਮੇਂ ਚੰਦੂ ਨੂੰ ਮੌਕਾ ਮਿਲ ਗਿਆ ਕਿ ਗੁਰੂ ਅਰਜਨ ਦੇਵ ਜੀ ਨੇ ਸ਼ਹਿਜਾਦਾ ਖੁਸ਼ਰੋ ਦੀ ਮਦਦ ਕੀਤੀ ਹੈ। ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਬਾਗੀ ਨੂੰ ਪਨਾਹ ਦੇਣ ਕਰਕੇ ਬੜਾ ਭਾਰੀ ਜੁਰਮਾਨਾ ਕੀਤਾ ਜੋ ਲੱਖਾਂ ਦੀ ਗਿਣਤੀ ਵਿਚ ਸੀ, ਨਾਲ ਕਿਹਾ ਕਿ ਆਦਿ ਗ੍ਰੰਥ ਵਿਚੋਂ ਇਸਲਾਮ ਵਿਰੁੱਧ ਸ਼ਬਦ ਕੱਢ ਦਿੱਤੇ ਜਾਣ। ਗੁਰੂ ਅਰਜਨ ਦੇਵ ਜੀ ਨੇ ਬਾਦਸ਼ਾਹ ਦੇ ਇਹ ਦੋਵੇਂ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਜਹਾਂਗੀਰ ਨੂੰ ਹੋਰ ਰੋਹ ਚੜ੍ਹ ਗਿਆ ਤੇ ਉਸ ਨੇ ਤਾਕਤ ਦੇ ਹੰਕਾਰ ਦਾ ਦਿਖਾਵਾ ਕਰਦੇ ਹੋਏ ਅਕਬਰ ਦੀਆਂ ਪਾਈਆਂ ਹੋਈਆਂ ਰਵਾਇਤਾਂ ਨੂੰ ਛਿੱਕੇ ਟੰਗਦੇ ਹੋਏ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇਣ ਦਾ ਹੁਕਮ ਦਿੱਤਾ। ਚੰਦੂ ਨੂੰ ਆਪਣੀ ਵਿਅਕਤੀਗਤ ਬੇਇਜ਼ਤੀ ਦਾ ਬਦਲਾ ਲੈਣ ਦਾ ਮੌਕਾ ਮਿਲ ਗਿਆ।

ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬੈਠਣ ਦਾ ਹੁਕਮ ਦਿੱਤਾ ਗਿਆ। ਉਨ੍ਹਾਂ ਦੇ ਸੀਸ ਤੇ ਗਰਮ ਰੇਤਾ ਪਾਇਆ ਗਿਆ। ਗੁਰੂ ਜੀ ਦਾ ਸਾਰਾ ਸਰੀਰ ਛਲਣੀ ਛਲਣੀ ਹੋ ਗਿਆ, ਪਰ ਜਿਨ੍ਹਾਂ ਲੋਕਾ ਨੇ ਕੌਮ ਨੂੰ ਸਿਰਜਣਾ ਹੁੰਦਾ ਹੈ, ਉਹ ਆਪਣੇ ਅਸੂਲਾਂ ਦੇ ਆਸਣ ਤੇ ਹਮੇਸ਼ਾ ਲਈ ਟਿਕੇ ਰਹਿੰਦੇ ਹਨ, ਕਦੇ ਡੋਲਦੇ ਨਹੀਂ। ਸਦੀਵੀ ਸੁਖ ਦਾ ਪੈਗਾਮ ਦੇਣ ਵਾਲੇ ਗੁਰੂ ਕਵੀ ਮੁਗਲਾਂ ਦੇ ਤਸੀਹੇ ਸਹਿੰਦੇ ਹੋਏ ਰਾਵੀ ਦੇ ਕੰਢੇ ਜਦੋਂ ਉਨ੍ਹਾਂ ਦੇ ਝੁਲਸ ਚੁੱਕੇ ਪੂਰੇ ਸਰੀਰ ਨੂੰ ਪਾਣੀ ਦੇ ਹਵਾਲੇ ਕੀਤਾ ਗਿਆ ਤਾਂ ਰਾਵੀ ਦੇ ਕੰਢੇ ਤੇ ਉਨ੍ਹਾਂ ਨੇ ਆਖਰੀ ਸਾਹ ਲਿਆ ਤੇ ਸ਼ਹਾਦਤ ਦੀ ਇਕ ਅਜੇਹੀ ਮਿਸਾਲ ਪੈਦਾ ਕੀਤੀ ਜਿਸ ਦੀ ਸੰਸਾਰ ਵਿਚ ਮਿਸਾਲ ਲੱਭਣੀ ਮੁਸ਼ਕਿਲ ਹੈ।

ਗੁਰੂ ਅਰਜਨ ਦੇਵ ਜੀ ਦੀ ਸਾਹਿਤਕ ਪ੍ਰਤਿਭਾ ਆਪਨੇ ਨਾਨਾ ਗੁਰੂ ਅਮਰਦਾਸ ਜੀ ਦੀ ਛਤਰ ਛਾਇਆ ਹੇਠ ਪ੍ਰਵਾਨ ਚੜ੍ਹੀ। ਆਪ ਜੀ ਨੇ ਬਚਪਨ ਵਿਚ ਉਨ੍ਹਾਂ ਲਈ ਉਰਦੂ, ਫਾਰਸੀ, ਸੰਸਕ੍ਰਿਤ, ਪੰਜਾਬੀ ਦਾ ਗਿਆਨ ਪ੍ਰਾਪਤ ਕਰਨ ਦਾ ਪ੍ਰਬੰਧ ਕੀਤਾ। ਗੁਰੂ ਅਮਰਦਾਸ ਜੀ ਨੇ ਉਨ੍ਹਾਂ ਵਿਚ ਲਾਸਾਨੀ ਸਾਹਿਤ ਕਲਾ ਨੂੰ ਦੇਖਦੇ ਹੋਏ 'ਦੋਹਿਤਾ ਬਾਣੀ ਕਾ ਬੋਹਿਥਾ' ਕਹਿ ਕੇ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੇ ਸਾਹਿਤਕ ਪੱਧਰ ਨੂੰ ਪਹਿਲਾਂ ਹੀ ਨਿਸ਼ਚਿਤ ਕਰ ਦਿੱਤਾ।

ਆਦਿ ਗ੍ਰੰਥ ਦੀ ਸੰਪਾਦਨਾ ਦਾ ਕੰਮ ਸਾਧਾਰਨ ਸੰਪਾਦਨਾ ਦਾ ਕੰਮ ਨਹੀਂ ਸੀ, ਬਾਣੀ ਦੀ ਚੋਣ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਇਕ ਕਸਵੱਟੀ ਅਪਣਾਈ ਕਿ ਉਹ ਰਚਨਾ ਜੋ ਮਨੁੱਖੀ ਭਰਾਤ੍ਰੀਪੁਣੇ, ਏਕਤਾ ਤੇ ਜੀਵਨ ਵਿਚ ਆਸ਼ਾਵਾਦ ਦੇ ਦੀਪਕ ਜਗਾਉਂਦੀ ਹੋਵੇ, ਜਿਸ ਨਾਲ ਸਾਡੀ ਲਿਵ ਪਦਾਰਥ ਵਿਚ ਰਹਿ ਕੇ ਪਦਾਰਥ ਤੋਂ ਉੱਚੀ ਹੋ ਕੇ ਪਰਮ ਸੱਤਾ ਨਾਲ ਜੁੜੀ ਰਹੇ, ਉਸ ਨੂੰ ਆਦਿ ਗ੍ਰੰਥ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਉਸ ਸਮੇਂ ਦਾ ਪ੍ਰਸਿੱਧ ਕਵੀ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸ਼ਾਹ ਹੁਸੈਨ ਵੀ ਆਪਣੀ ਰਚਨਾ ਲੈ ਕੇ ਗੁਰੂ ਦੇ ਦਰ ਤੇ ਪਹੁੰਚਿਆ, ਪਰ ਉਸ ਦੀ ਰਚਨਾ ਵਿਚ ਨਿਰਾਸ਼ਾਵਾਦ ਦੇ ਘੋਰ ਬੱਦਲ ਮੰਡਰਾਉਂਦੇ ਹੋਣ ਕਰਕੇ ਗੁਰੂ ਅਰਜਨ ਦੇਵ ਜੀ ਨੇ ਸ਼ਾਹ ਹੁਸੈਨ ਦੀ ਰਚਨਾ ਨੂੰ ਆਦਿ ਗ੍ਰੰਥ ਵਿਚ ਸ਼ਾਮਿਲ ਨਹੀਂ ਕੀਤਾ। ਚੋਣ ਕਰਨ ਲਈ ਉਹਨਾਂ ਨੇ ਆਪਣੀ ਵਿਚਾਰਧਾਰਾ ਦੀ ਕਸਵੱਟੀ ਨੂੰ ਅਪਣਾਇਆ ਤੇ ਯੋਗਤਾ ਦੇ ਆਧਾਰ ਤੇ ਆਦਮ ਦੇ ਜਾਏ ਮਨੁੱਖ ਨੂੰ ਜਾਤ-ਪਾਤ, ਰੰਗ, ਧਰਮ ਦੇ ਫਰਕ ਤੋਂ ਉੱਚੇ ਉੱਠ ਕੇ ਪਰਖਿਆ। ਇਹੋ ਹੀ ਕਾਰਨ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸੰਪਾਦਤ ਕੀਤੇ ਗ੍ਰੰਥ ਵਿਚ ਕਬੀਰ ਜੁਲਾਹੇ ਦੀ ਰਚਨਾ ਵੀ ਸ਼ਾਮਲ ਹੈ, ਨਾਮਦੇਵ ਛੀਂਬੇ ਦੀ ਰੂਹ ਵੀ ਸ਼ਬਦਾਂ ਰਾਹੀਂ ਧੜਕਦੀ ਹੈ, ਭਗਤ ਰਵਿਦਾਸ ਦੇ ਬੇਗਮਪੁਰੇ ਦੀ ਗੂੰਜ ਵੀ ਸੁਣਾਈ ਦਿੰਦੀ ਹੈ ਅਤੇ ਧੰਨੇ ਜੱਟ ਦੇ ਸ਼ਬਦਾਂ ਵਿਚਲੀ ਨਿਰਛਲਤਾ ਤੇ ਮਾਸੂਮ ਬੇਬਾਕੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਆਦਿ ਗ੍ਰੰਥ ਵਿਚ (ੳ) ਪਹਿਲੇ ਪੰਜਾਂ ਗੁਰੂਆਂ ਦੀ ਬਾਣੀ (ਅ) ਤਿੰਨ ਗੁਰੂ ਘਰ ਦੇ ਪ੍ਰੇਮੀਂ ਕਵੀਆਂ ਬਾਬਾ ਸੁੰਦਰ, ਸੱਤਾ ਤੇ ਬਲਵੰਡ ਦੀ ਬਾਣੀ (ੲ) ਗਿਆਰਾਂ ਭੱਟਾਂ (ਸ) ਸੋਲਾਂ ਭਗਤਾਂ ਦੀ ਬਾਣੀ ਦਰਜ ਹੈ।

ਆਦਿ ਗ੍ਰੰਥ ਦੀ ਸੰਪਾਦਨਾ ਕਰਨ ਸਮੇਂ ਗੁਰੂ ਜੀ ਨੇ ਇਹ ਇਉਂ ਵਿਉਂਤ ਬਣਾਈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਜਪੁਜੀ ਸਾਹਿਬ ਨੂੰ ਪ੍ਰਸਤੁਤ ਕੀਤਾ, ਜਿਸ ਨੂੰ ਆਦਿ ਗ੍ਰੰਥ ਦਾ ਸਾਰ ਕਿਹਾ ਜਾਂਦਾ ਹੈ। ਜੋ ਸਥਾਨ ਕੁਰਾਨ ਸ਼ਰੀਫ ਵਿਚ'ਸੂਰਾ-ਏ-ਫਾਤਿਹਾ' ਨੂੰ ਪ੍ਰਾਪਤ ਹੈ ਉਹ ਹੀ ਜਪੁਜੀ ਸਾਹਿਬ ਨੂੰ ਪ੍ਰਾਪਤ ਹੈ। ਫਿਰ ਸੋ ਦਰੁ, ਸੋ ਪੁਰਖ ਤੇ ਸੋਹਿਲਾ ਦੀਆਂ ਬਾਣੀਆਂ ਹਨ। ਭਾਵੇਂ ਇਨ੍ਹਾਂ ਬਾਣੀਆਂ ਉੱਤੇ ਕਿਸੇ ਰਾਗ ਦਾ ਹਵਾਲਾ ਨਹੀਂ ਦਿੱਤਾ ਗਿਆ ਪ੍ਰੰਤੂ ਇਹ ਜਿੰਨੀ ਬਾਣੀ ਦਰਜ ਕੀਤੀ ਗਈ ਹੈ ਉਹ ਇੱਕਤੀ ਰਾਗਾਂ ਵਿਚ ਹੈ। ਜਿਹੜੀ ਬਾਣੀ ਰਾਗ ਦੀ ਵੰਨਗੀ ਵਿਚ ਨਹੀਂ ਸੀ ਆਉਂਦੀ, ਉਨ੍ਹਾਂ ਨੂੰ ਰਾਗਾਂ ਦੀ ਬਾਣੀ ਤੋਂ ਬਾਅਦ ਪੇਸ਼ ਕੀਤਾ ਜਿਵੇਂ ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਵੱਯੇ, ਕਬੀਰ ਤੇ ਫਰੀਦ ਸਾਹਿਬ ਦੇ ਸਲੋਕ। ਗੁਰੂ ਜੀ ਨੇ ਬਾਣੀ ਨੂੰ ਦਰਜ ਕਰਨ ਲੱਗਿਆਂ ਇਤਿਹਾਸਿਕ ਕਾਲ-ਕ੍ਰਮ ਅਨੁਸਾਰ ਉਨ੍ਹਾਂ ਨੂੰ ਪੇਸ਼ ਕੀਤਾ ਹੈ। ਜਿਵੇਂ ਪਹਿਲਾਂ ਪਹਿਲੇ ਗੁਰੂ ਦੀ ਤੇ ਫਿਰ ਦੂਜੇ ਤੋਂ ਪੰਜਵੇਂ ਤੱਕ। ਗੁਰੂਆਂ ਦੀ ਬਾਣੀ ਤੋਂ ਬਾਅਦ ਭਗਤਾਂ ਦੀ ਬਾਣੀ ਹੈ। ਸਾਰੇ ਗੁਰੂਆਂ ਦੀ ਬਾਣੀ 'ਨਾਨਕ' ਨਾਂ ਅੰਤਰਗਤ ਪੇਸ਼ ਕੀਤੀ ਗਈ ਹੈ ਤੇ ਕਰਤਾ ਦੀ ਪਛਾਣ ਲਈ 'ਮਹਲਾ' ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸੰਪਾਦਕ ਗੁਰੂ ਨੇ ਕਾਵਿ-ਭੇਦਾਂ ਦੇ ਪੱਖ ਤੋਂ ਵੀ ਤਰਤੀਬ ਨੂੰ ਕਾਇਮ ਰੱਖਿਆ। ਹਰ ਰਾਗ ਵਿਚ ਪਹਿਲਾਂ ਸ਼ਬਦ, ਫਿਰ ਅਸ਼ਟਪਦੀਆਂ, ਫੇਰ ਲੰਮੇਰੀਆਂ ਰਚਨਾਵਾਂ ਤੇ ਅੰਤ ਵਿਚ ਵਾਰਾਂ ਆਉਂਦੀਆਂ ਹਨ। ਇਕ ਖੋਜੀ ਦੀ ਤਰ੍ਹਾਂ ਆਪ ਨੇ ਹਰ ਬਾਣੀ ਵਿਚ ਅੰਕਿਤ ਸ਼ਬਦਾਂ ਸਲੋਕਾਂ ਦੀ ਗਿਣਤੀ ਵੀ ਨਾਲ ਹੀ ਕਰ ਦਿੱਤੀ ਹੈ।

ਇਕ ਸੰਪਾਦਕ ਦੀ ਦ੍ਰਿਸ਼ਟੀ ਦੇ ਨਾਲ ਨਾਲ ਗੁਰੂ ਕਵੀ ਨੇ ਇਕ ਮੌਲਿਕ ਕਵੀ ਦੇ ਰੂਪ ਵਿਚ ਆਪਣੀ ਰਚਨਾ ਨੂੰ ਆਦਿ ਗ੍ਰੰਥ ਵਿਚ ਸ਼ਾਮਿਲ ਕਰਕੇ ਸੰਪਾਦਤ ਕਲਾ ਦੇ ਪੱਖ ਤੋਂ ਇਕ ਕਸਵੱਟੀ ਨਿਸ਼ਚਿਤ ਕਰ ਦਿੱਤੀ ਹੈ ਕਿ ਇਕ ਉੱਤਮ ਸੰਪਾਦਕ ਉਹ ਹੀ ਹੋ ਸਕਦਾ ਹੈ ਜਿਹੜਾ ਕਿ ਉਨ੍ਹਾਂ ਰਚਨਾਵਾਂ ਦੇ ਬਰਾਬਰ ਦਾ ਮੌਲਿਕ ਕਵੀ ਵੀ ਹੋਵੇ। ਗੁਰੂ ਜੀ ਨੇ ਪ੍ਰਮਾਣ ਵਜੋਂ ਸਭ ਤੋਂ ਵੱਧ ਆਪਣੀ ਰਚਨਾ ਨੂੰ ਦਰਜ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਵਿਤਾ ਦਾ ਪਾਰਖੂ ਤੇ ਚੋਣਕਾਰ ਉਹ ਹੀ ਹੋ ਸਕਦਾ ਹੈ ਜੋ ਆਪ ਇਕ ਸ੍ਰੇਸ਼ਟ ਕਵੀ ਵੀ ਹੋਵੇ।

**.........(ਬਾਕੀ ਸਫਾ 12 ਤੇ )**

# ਸੂਬਾ ਸਾਹਿਬ ਸਿੰਘ ਦਾ ਨਿਪਾਲ ਮਿਸ਼ਨ

- ਇਤਿਹਾਸਕਾਰ ਡਾ. ਫ਼ੌਜਾ ਸਿੰਘ

ਭਰੋਸੇਯੋਗ ਇਤਿਹਾਸਕ ਸੂਤਰਾਂ ਅਨੁਸਾਰ ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਦੁਆਰਾ ਭੇਜਿਆ ਇਕ ਨਾਮਧਾਰੀ ਮਿਸ਼ਨ ਨਿਪਾਲ ਦੇ ਸ਼ਾਸਕ ਰਾਣਾ ਸਰ ਜੰਗ ਬਹਾਦਰ ਦੇ ਸੱਦੇ ਤੇ ਸੰਨ 1870-71 ਦੀ ਸਿਆਲੀ ਰੁਤੇ ਖਟਮੰਡੂ ਗਿਆ ਸੀ। ਮਿਸ਼ਨ ਦੀ ਮਹੱਤਤਾ ਦਾ ਅਨੁਮਾਨ ਇਸ ਗਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦੇ ਦੋਵੇਂ ਮੈਂਬਰ ਪ੍ਰਮੁਖ ਨਾਮਧਾਰੀ ਸੂਬੇ, ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਸਨ।

ਇਸ ਮਿਸ਼ਨ ਦੇ ਕੀ ਕਾਰਨ ਸਨ? ਇਸ ਪ੍ਰਸ਼ਨ ਦਾ ਸੰਖੇਪ ਉੱਤਰ ਇਹ ਹੈ ਕਿ ਗੋਰਖਾ ਦਰਬਾਰ ਤੇ ਨਾਮਧਾਰੀ ਦਰਬਾਰ ਦੋਵੇਂ ਪਰਸਪਰ ਸਬੰਧ ਸਥਾਪਤ ਕਰਨਾ ਚਾਹੁੰਦੇ ਸਨ। ਇਸ ਸਮੇਂ ਰਾਣਾ ਜੰਗ ਬਹਾਦਰ ਦੇ ਅੰਗਰੇਜ਼ ਪ੍ਰਤੀ ਸਬੰਧ ਖੁਸ਼ਗਵਾਰ ਨਹੀਂ ਸਨ। ਅੰਗਰੇਜ਼ ਲਲਚਾਈ ਨਜ਼ਰਾਂ ਨਾਲ ਖਟਮੰਡੂ ਵੱਲ ਵੇਖਦੇ ਸਨ। ਰਾਣਾ ਇਹਨਾਂ ਦੀਆਂ ਕੁਟਲ ਚਾਲਾਂ ਨੂੰ ਚੰਗੀ ਤਰਾਂ ਸਮਝਦਾ ਸੀ ਅਤੇ ਇਹਨਾਂ ਦੇ ਵਿਰੁਧ ਆਪਣੀ ਸ਼ਕਤੀ ਨੂੰ ਵਧਾਉਣ ਲਈ ਹਰ ਸੰਭਵ ਜਤਨ ਕਰ ਰਿਹਾ ਸੀ। ਇਹਨਾਂ ਜਤਨਾਂ ਵਿਚੋਂ ਇਕ ਇਹ ਸੀ ਉਹ ਪੰਜਾਬ ਦੇ ਬਹਾਦਰ ਸਿਖਾਂ ਨੂੰ ਆਪਣੀ ਸੈਨਾ ਵਿਚ ਭਰਤੀ ਕਰਨਾ ਚਾਹੁੰਦਾ ਸੀ ਉਸ ਨੇ ਕੁਝ ਸਿਪਾਹੀ ਪਹਿਲਾਂ ਹੀ ਭਰਤੀ ਕੀਤੇ ਹੋਏ ਸਨ। ਉਹਨਾਂ ਵਿਚੋਂ ਇਕ ਐਡਜੂਟੈਂਟ ਸੀ ਤੇ ਦੂਜਾ ਜਮਾਂਦਾਰ। ਬਾਕੀਆਂ ਵਿਚੋਂ ਹਰੀ ਸਿੰਘ, ਕਿਰਪਾਲ ਸਿੰਘ, ਬੀਰ ਸਿੰਘ, ਬਿਸ਼ਨ ਸਿੰਘ, ਨਿਹਾਲ ਸਿੰਘ ਤੇ ਆਸਾ ਸਿੰਘ ਗੋਰਖਾ ਸਰਕਾਰੀ ਹਲਕਿਆਂ ਵਿਚ ਕਾਫੀ ਪ੍ਰਸਿਧ ਸਨ। ਪਿਛਲੇ ਦੋ ਵਿਅਕਤੀ ਨਿਹਾਲ ਸਿੰਘ ਤੇ ਆਸਾ ਸਿੰਘ ਰਾਣਾ ਸਾਹਿਬ ਦੇ ਨਿਜੀ ਸਟਾਫ ਵਿਚ ਸ਼ਾਮਲ ਸਨ। ਇਹ ਸਾਰੇ ਸਿੱਖ ਸਿਪਾਹੀ ਪਹਿਲਾਂ ਪੰਜਾਬ ਦੀ ਖਾਲਸਾ ਫ਼ੌਜ ਵਿਚ ਨੌਕਰੀ ਕਰਿਆ ਕਰਦੇ ਸਨ। ਜਦ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ ਤੇ ਖਾਲਸਾ ਫ਼ੌਜ ਤੋੜ ਦਿਤੀ ਤਾਂ ਇਹ ਸੂਰਬੀਰ ਲਾਹੌਰ ਤੋਂ ਖਟਮੰਡੂ ਪੁਜ ਗਏ। ਰਾਣਾ ਇਹਨਾਂ ਦੀ ਸੇਵਾ ਤੇ ਬਹੁਤ ਪ੍ਰਸੰਨ ਸੀ। ਇਹ ਪਹਿਲਾਂ ਨਾਮਧਾਰੀ ਵਿਚਾਰਧਾਰਾ ਦੇ ਨਹੀਂ ਸਨ ਪਰ ਜਦ ਇਹਨਾਂ ਨੂੰ ਇਸ ਵਿਚਾਰਧਾਰਾ ਦਾ ਪਤਾ ਲਗਾ ਅਤੇ ਇਹਨਾਂ ਵੇਖਿਆ ਕਿ ਇਸ ਲਹਿਰ ਦਾ ਇਕ ਮੁਖ ਉਦੇਸ਼ ਆਪਣੇ ਪਿਆਰੇ ਵਤਨ ਦੀ ਆਜ਼ਾਦੀ ਲਈ ਸੰਘਰਸ਼ ਕਰਨਾ ਹੈ ਤਾਂ ਇਹਨਾਂ ਦੀ ਰੁਚੀ ਇਸ ਪਾਸੇ ਨੂੰ ਖਿਚੀ ਜਾਣ ਲਗ ਪਈ। ਖਾਸ ਕਰਕੇ ਇਕ ਉਘੇ ਕੂਕਾ ਨੇਤਾ ਕਿਸ਼ਨ ਸਿੰਘ ਦਾ ਇਹਨਾਂ ਤੇ ਬੜਾ ਪ੍ਰਭਾਵ ਪਿਆ।

ਰਾਣਾ ਜੰਗ ਬਹਾਦਰ ਨੇ ਪੰਜਾਬ ਵਿਚ ਕੂਕਾ ਲਹਿਰ ਦੀ ਦਿਨੋ ਦਿਨ ਵਧ ਰਹੀ ਸ਼ਕਤੀ ਨੂੰ ਵੇਖ ਕੇ ਇੱਛਾ ਪ੍ਰਗਟ ਕੀਤੀ ਕਿ ਉਹ ਬਾਬਾ ਰਾਮ ਸਿੰਘ ਜੀ ਨੂੰ ਮਿਲਣਾ ਚਾਹੁੰਦੇ ਹਨ। ਨਿਪਾਲ ਵਿਚ ਨੌਕਰੀ ਕਰ ਰਹੇ ਸਿੰਘਾਂ ਵਿਚੋਂ ਇਕ ਨੇ ਉਚੇਚੇ ਤੌਰ ਤੇ ਭੈਣੀ ਸਾਹਿਬ ਆ ਕੇ ਬਾਬਾ ਜੀ ਨੂੰ ਇਸ ਗਲ ਤੋਂ ਜਾਣੂ ਕਰਵਾਇਆ। ਸੰਨ 1870 ਦੀ ਪੰਜਾਬ ਪੁਲਿਸ ਰਿਪੋਰਟ ਵਿੱਚ ਲਿਖਿਆ ਹੈ ਕਿ ਨਾਮਧਾਰੀਆਂ ਵਿੱਚ ਇਸ ਗਲ ਦੀ ਬੜੀ ਚਰਚਾ ਹੈ ਕਿ ਰਾਣਾ ਜੰਗ ਬਹਾਦਰ ਨੇ ਬਾਬਾ ਰਾਮ ਸਿੰਘ ਨੂੰ ਚਿਠੀ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਪੰਜਾਬ ਤੋਂ ਕੁਝ ਬਹਾਦਰ ਨੌਜੁਆਨ ਗੋਰਖਾ ਪਲਟਣਾਂ ਲਈ ਭੇਜਣ। ਇਸ ਦੇ ਉਤਰ ਵਿਚ ਨਾਮਧਾਰੀ ਗੁਰੂ ਜੀ ਨੇ ਫੈਸਲਾ ਕੀਤਾ ਕਿ ਆਪਣੇ ਕੋਈ ਸਿੱਖ ਭੇਜਣ ਤੋਂ ਪਹਿਲਾਂ ਇਕ ਉਚ ਪੱਧਰੀ ਮਿਸ਼ਨ ਭੇਜਣਾ ਚੰਗਾ ਹੋਵੇਗਾ। ਇਹ ਮਿਸ਼ਨ ਖਟਮੰਡੂ ਜਾ ਕੇ ਸਾਰੀ ਸਥਿਤੀ ਦਾ ਗਹੁ ਨਾਲ ਅਧਿਐਨ ਕਰੇ ਤੇ ਉਸ ਦੀ ਰਿਪੋਰਟ ਮਿਲਣ ਤੇ ਅਗਲੀ ਕਾਰਵਾਈ ਕੀਤੀ ਜਾਏਗੀ।

ਬਾਬਾ ਜੀ ਦੇ ਫੈਸਲੇ ਅਨੁਸਾਰ ਇਕ ਮਿਸ਼ਨ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਦੀ ਅਗਵਾਈ ਅਧੀਨ ਸੰਨ 1870-71 ਦੇ ਸਰਦੀਆਂ ਦੇ ਮੌਸਮ ਦੌਰਾਨ ਨਿਪਾਲ ਦੀ ਰਾਜਧਾਨੀ ਖਟਮੰਡੂ ਪਹੁੰਚਿਆ। ਮਿਸ਼ਨ ਦੇ ਕੋਲ ਗੋਰਖਾ ਸ਼ਾਸਕ ਵਾਸਤੇ ਕੁਝ ਵਿਸ਼ੇਸ਼ ਸੁਗਾਤਾਂ ਵੀ ਸਨ ਜਿਨ੍ਹਾਂ ਵਿਚ ਕੁਝ ਪੰਜਾਬੀ ਮੱਝਾਂ ਤੇ ਖਚਰਾਂ ਵੀ ਸਨ। ਰਾਣਾ ਜੰਗ ਬਹਾਦਰ ਨੇ ਕੂਕਾ ਮਿਸ਼ਨ ਦਾ ਬੜਾ ਆਦਰ ਮਾਣ ਕੀਤਾ ਅਤੇ ਨਾਮਧਾਰੀ ਨੇਤਾਵਾਂ ਨਾਲ ਕਈ ਮੁਲਾਕਾਤਾਂ ਕੀਤੀਆਂ। ਉਹਨਾਂ ਤੋਂ ਪੰਜਾਬ ਦੀ ਸਥਿਤੀ ਬਾਰੇ ਆਮ ਕਰਕੇ, ਤੇ ਨਾਮਧਾਰੀ ਲਹਿਰ ਦੀ ਸ਼ਕਤੀ ਤੇ ਵਿਚਾਰਧਾਰਾ ਬਾਰੇ ਖਾਸ ਕਰਕੇ ਪੁੱਛ-ਗਿਛ ਕੀਤੀ ਅਤੇ ਰੁਖਸਤ ਵੇਲੇ ਉਹਨਾਂ ਨੂੰ ਬੜੇ ਸਤਿਕਾਰ ਨਾਲ ਕਈ ਸੁਗਾਤਾਂ ਦੇ ਕੇ ਵਿਦਾ ਕੀਤਾ। ਸੁਗਾਤਾਂ ਵਿਚ 500 ਰੁਪਿਆ ਨਕਦ, ਇਕ ਸੋਨੇ ਦੀ ਜੰਜੀਰੀ, ਇਕ ਦੋਸ਼ਾਲਾ, ਇਕ ਘੋੜਾ ਤੇ ਦੋ ਖੁਖਰੀਆਂ ਦਿਤੀਆਂ ਗਈਆਂ।

ਬਾਅਦ ਵਿਚ ਰਾਣਾ ਜੰਗ ਬਹਾਦਰ ਨੇ ਅੰਗਰੇਜ਼ਾਂ ਦੀ ਇਕ ਪੁੱਛ ਦੇ ਉਤਰ ਵਿਚ ਕਿਹਾ ਸੀ ਕਿ ਕੂਕਾ ਮਿਸ਼ਨ ਦਾ ਮੁੱਖ ਮਨੋਰਥ ਇਹ ਪਤਾ ਕਰਨਾ ਸੀ ਕਿ ਗੋਰਖਾ ਦਰਬਾਰ ਵਿਚ ਨਾਮਧਾਰੀਆਂ ਲਈ ਨੌਕਰੀਆਂ ਦੀ ਕਿੰਨੀ ਕੁ ਗੁੰਜਾਇਸ਼ ਹੈ। ਸਪੱਸ਼ਟ ਹੀ, ਉਸਨੇ ਇਸ ਉੱਤਰ ਵਿਚ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਮਿਸ਼ਨ ਨਾਮਧਾਰੀ ਦਰਬਾਰ ਦੀ ਦਿਲਚਸਪੀ ਦੇ ਕਾਰਨ ਸੀ ਨਾ ਕਿ ਉਸਦੀ ਆਪਣੀ ਦਿਲਚਸਪੀ ਕਰਕੇ। ਇਸ ਤਰ੍ਹਾਂ ਉਹ ਗਲ ਵਲਾ ਗਿਆ। ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਨਾਮਧਾਰੀ ਦਰਬਾਰ ਦੀ ਦਿਲਚਸਪੀ ਇਸ ਵਿਚ ਬਹੁਤ ਸੀ। ਬਾਬਾ ਰਾਮ ਸਿੰਘ ਜੀ ਦੇ ਪ੍ਰੋਗਰਾਮ ਦਾ ਇਕ ਜ਼ਰੂਰੀ ਅੰਸ਼ ਇਹ ਸੀ ਕਿ ਸਿਖਾਂ ਨੂੰ ਫ਼ੌਜੀ ਸਿਖਲਾਈ ਦੁਆਰਾ ਤਕੜਾ ਰਖਿਆ ਜਾਏ ਤਾਂ ਜੋ ਅਵਸਰ ਮਿਲਣ ਉਤੇ ਉਹ ਆਪਣੇ ਪਿਆਰੇ ਦੇਸ਼ ਦੀ ਆਜ਼ਾਦੀ ਵਾਸਤੇ ਪੂਰਾ ਯੋਗਦਾਨ ਦੇ ਸਕਣ। ਰਾਤਾਂ ਦੇ ਹਨੇਰੇ ਵਿਚ ਨਾਮਧਾਰੀ ਸਿੰਘਾਂ ਨੂੰ ਡਰਿਲ ਕਰਵਾਈ ਜਾਂਦੀ ਸੀ। ਖੰਡੇ ਦੀ ਪਾਹੁਲ ਤੇ ਚੰਡੀ ਪਾਠ ਦੇ ਸਾਧਨਾਂ ਨਾਲ ਉਹਨਾਂ ਦੇ ਮਨਾਂ ਵਿਚ ਬੀਰ ਰਸ ਤੇ ਕੁਰਬਾਨੀ ਦੀ ਭਾਵਨਾ ਪੈਦਾ ਕੀਤੀ ਜਾਂਦੀ ਸੀ।

ਜੰਮੂ ਕਸ਼ਮੀਰ ਦੇ ਮਹਾਰਾਜਾ ਗੁਲਾਬ ਸਿੰਘ ਦੀ ਫ਼ੌਜ ਵਿਚ ਕਰਨਲ ਹੀਰਾ ਸਿੰਘ ਦੇ ਜਤਨਾਂ ਨਾਲ ਇਕ ਵਿਸ਼ੇਸ਼ ਕੂਕਾ ਕੰਪਨੀ ਉਸਾਰਨ ਦਾ ਉਪਰਾਲਾ ਕੀਤਾ ਗਿਆ ਸੀ। ਨਿਪਾਲ ਦੇ ਗੋਰਖਾ ਦਰਬਾਰ ਨਾਲ ਸੰਪਰਕ ਪੈਦਾ ਕਰਨਾ ਇਸੇ ਪ੍ਰੋਗਰਾਮ ਦੀ ਹੀ ਇਕ ਹੋਰ ਲੜੀ ਸੀ।

ਜਦੋਂ ਕੂਕਾ ਮਿਸ਼ਨ ਦੇ ਖਟਮੰਡੂ ਜਾਣ ਦੀ ਸੂਚਨਾ ਅੰਗਰੇਜ਼ੀ ਸਰਕਾਰ ਨੂੰ ਮਿਲੀ, ਉਹਨਾਂ ਨੇ ਚਿੰਤਾਤੁਰ ਹੋ ਕੇ ਇਸ ਦੀ ਘੋਖ ਕਰਨ ਦਾ ਨਿਰਨਾ ਕੀਤਾ। ਪਹਿਲਾਂ ਕਾਸ਼ੀਪੁਰ ਦੇ ਸ਼ਿਵਰਾਜ ਸਿੰਘ ਨੂੰ ਤਫਤੀਸ਼ ਕਰਨ ਲਈ ਨਿਪਾਲ ਭੇਜਿਆ। ਉਸਦੀ ਰਿਪੋਰਟ ਨਾਲ ਅੰਗਰੇਜ਼ਾਂ ਦੀ ਤਸੱਲੀ ਨਾ ਹੋਈ। ਫਿਰ 23 ਅਕਤੂਬਰ 1871 ਨੂੰ ਖਟਮੰਡੂ ਵਿਚ ਸਥਿਤ ਅੰਗਰੇਜ਼ੀ ਰਾਜਦੂਤ ਨੂੰ ਚਿਠੀ ਲਿਖ ਕੇ ਆਖਿਆ ਗਿਆ ਕਿ ਉਹ ਜੰਗ ਬਹਾਦਰ ਨੂੰ ਆਪ ਮਿਲ ਕੇ ਸਾਰੀ ਗਲ ਦੀ ਪੜਤਾਲ ਕਰਕੇ ਸਰਕਾਰ ਨੂੰ ਰਿਪੋਰਟ ਕਰੇ। ਜਦ ਰਾਜਦੂਤ ਗੋਰਖਾ ਸ਼ਾਸਕ ਨੂੰ ਮਿਲਿਆ ਤਾਂ ਉਸਨੇ ਬਿਨਾਂ ਕੋਈ ਲੁਕਾ ਦੇ ਸਾਰੀ ਗੱਲ ਰਾਜਦੂਤ ਨੂੰ ਦਸ ਦਿੱਤੀ। ਉਸਨੇ ਇਹ ਵੀ ਦਸਿਆ ਕਿ ਕੂਕਾ ਲਹਿਰ ਬੜਾ ਜ਼ੋਰ ਫੜ ਰਹੀ ਹੈ ਅਤੇ ਜੇ ਇਸ ਤੇ ਨਿਗਾ ਨਾ ਰੱਖੀ ਗਈ ਤਾਂ ਇਹ ਅੰਗਰੇਜ਼ੀ ਸਰਕਾਰ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ।ਉਸਨੇ ਇਸ ਸਬੰਧ ਵਿਚ ਇਹ ਵੀ ਦਸਿਆ ਕਿ ਨਾਮਧਾਰੀ ਪੰਥ ਦੇ ਇਸ ਸਮੇਂ ਪੰਜਾਬ ਵਿਚ ਤਿੰਨ ਲੱਖ ਦੇ ਕਰੀਬ ਮੈਂਬਰ ਹਨ ਜਿੰਨ੍ਹਾਂ ਦਾ ਆਪਣੇ ਗੁਰੂ ਤੇ ਅਟੁੱਟ ਵਿਸ਼ਵਾਸ ਹੈ ਅਤੇ ਜੋ ਆਪਣੇ ਗੁਰੂ ਲਈ ਹਰ ਵੇਲੇ ਸਭ ਕੁਝ ਕਰਨ ਲਈ ਤਿਆਰ ਰਹਿੰਦੇ ਹਨ। ਮੁਲਾਕਾਤ ਤੋਂ ਬਾਦ ਅੰਗਰੇਜ਼ੀ ਰਾਜਦੂਤ ਨੇ ਆਪਣੀ ਸਰਕਾਰ ਨੂੰ ਲਿਖਿਆ ਕਿ ਕੂਕਾ ਮਿਸ਼ਨ ਦਾ ਮਨੋਰਥ ਪੂਰਾ ਨਹੀਂ ਹੋ ਸਕਿਆ ਕਿਉਂਕਿ ਰਾਣਾ ਨੇ ਉਨ੍ਹਾਂ ਨੂੰ ਆਪਣੇ ਵੱਲੋਂ ਕੋਈ ਉਤਸ਼ਾਹ ਨਹੀਂ ਦਿੱਤਾ। ਇਸ ਦਾ ਕਾਰਨ ਉਸਨੇ ਦਸਿਆ ਕਿ ਨਿਪਾਲ ਸਰਕਾਰ ਨਹੀਂ ਚਾਹੁੰਦੀ ਕਿ ਆਪਣੀ ਫੌਜ ਵਿਚ ਗੋਰਖਿਆਂ ਤੋਂ ਇਲਾਵਾ ਹੋਰ ਕਿਸੇ ਆਦਮੀ ਨੂੰ ਭਰਤੀ ਕਰੇ ਅਤੇ ਜੇ ਕੋਈ ਬਦੇਸ਼ੀ ਭਰਤੀ ਕੀਤੇ ਜਾਂਦੇ ਹਨ ਤਾਂ ਉਹ ਕੇਵਲ ਡਰਿਲ ਸਿਖਾਉਣ ਵਾਸਤੇ ਜਾਂ ਤੋਪਖਾਨੇ ਵਿਚ ਮਿਸਤਰੀਆਂ ਦਾ ਕੰਮ ਕਰਨ ਵਾਸਤੇ ਹਨ। ਰਾਜਦੂਤ ਦੀ ਇਸ ਚਿਠੀ ਦੀ ਇਕ ਨਕਲ ਅੰਗਰੇਜ਼ ਸਰਕਾਰ ਸੂਚਨਾ ਹਿਤ ਪੰਜਾਬ ਸਰਕਾਰ ਨੂੰ ਭੇਜ ਦਿੱਤੀ।ਕੁਝ ਚਿਰ ਮਗਰੋਂ ਰਾਣਾ ਜੰਗ ਬਹਾਦਰ ਨੇ ਉਹ ਪੰਦਰਾਂ ਸੋਲ੍ਹਾਂ ਸਿੱਖ ਵੀ ਬਰਖਾਸਤ ਕਰ ਦਿੱਤੇ ਜਿਹੜੇ ਕਈ ਸਾਲ ਪਹਿਲਾਂ ਤੋਂ ਗੋਰਖਾ ਦਰਬਾਰ ਮੁਲਾਜ਼ਮਤ ਵਿਚ ਸਨ। ਇਹ ਉਸਦੀ ਬੁਜ਼ਦਿਲੀ ਸੀ ਕਿਉਂਕਿ ਉਹ ਅੰਗਰੇਜ਼ਾਂ ਦੇ ਵਿਰੁੱਧ ਹੁੰਦਾ ਹੋਇਆ ਵੀ ਉਹਨਾਂ ਤੋਂ ਡਰਦਾ ਸੀ ਤੇ ਉਨ੍ਹਾਂ ਨੂੰ ਖਾਹ ਮਖਾਹ ਨਰਾਜ਼ ਕਰਨ ਦੇ ਪੱਖ ਵਿਚ ਨਹੀਂ ਸੀ। ਇਸ ਸਥਿਤੀ ਵਿਚ ਉਸ ਵੇਲੇ ਕੇਵਲ ਨਿਪਾਲ ਦੇ ਰਾਜੇ ਦੀ ਨਹੀਂ ਸੀ ਸਗੋਂ ਸਾਰੀਆਂ ਹਿੰਦੁਸਤਾਨੀ ਰਿਆਸਤਾਂ ਦੀ ਇਹੋ ਦਸ਼ਾ ਸੀ। ਇਹ ਸਭ ਰਾਜੇ ਮਹਾਰਾਜੇ ਦਿਲੋਂ ਤਾਂ ਅੰਗਰੇਜ਼ਾਂ ਦੀ ਵਿਰੋਧਤਾ ਕਰਦੇ ਸਨ ਪਰ ਅੰਗਰੇਜ਼ਾਂ ਦੀ ਸ਼ਕਤੀ ਦੇ ਸਾਹਮਣੇ ਬਲਹੀਣ ਹੋਣ ਕਰਕੇ ਉਹ ਇਸ ਯੋਗ ਨਹੀਂ ਸਨ ਕਿ ਖੁਲ੍ਹੇ ਤੌਰ ਤੇ ਉਨ੍ਹਾਂ ਦੇ ਵਿਰੁੱਧ ਕੋਈ ਗੱਲ ਕਰ ਸਕਣ।

---

**.........( ਸਫਾ 10 ਦੀ ਬਾਕੀ-- ਗੁਰੂ ਅਰਜੁਨ ਦੇਵ ਜੀ ਦੀ)**

ਸੁਖਮਨੀ ਸਾਹਿਬ ਵਿਚ ਸੁਖ ਦੇ ਸੰਕਲਪ ਨੂੰ ਉਘਾੜਨ ਦੇ ਨਾਲ ਸੁਖ ਦੀ ਪ੍ਰਾਪਤੀ ਦੇ ਸਾਧਨਾਂ ਨੂੰ ਬਿਆਨ ਕੀਤਾ ਗਿਆ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਇਸ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਇਥੋਂ ਤੱਕ ਕਿ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ ਪਰ ਹੋਰ ਲੰਮੇਰੀਆਂ ਰਚਨਾਵਾਂ ਵਿਚੋਂ ਗੁਰੂ ਅਰਜੁਨ ਸਾਹਿਬ ਦੀ ਬਾਵਨ ਅੱਖਰੀ, ਬਾਰਾਮਾਂਹ, ਮਾਝ ਵਿਸ਼ੇਸ਼ ਰਚਨਾਵਾਂ ਹਨ। ਰਾਗ ਗਉੜੀ, ਜੈਤਸਰੀ, ਰਾਮਕਲੀ, ਰਾਗ ਗੂਜਰੀ, ਵਡਹੰਸ ਆਦਿ ਦੀਆਂ ਵਾਰਾਂ ਵਿਚ ਆਪਦੀ ਰਚਨਾ ਪ੍ਰਾਪਤ ਹੁੰਦੀ ਹੈ। ਇਸ ਤੋਂ ਬਿਨਾਂ ਗਾਥਾ, ਫੁਨਹੇ, ਬਿਰਹੜੇ, ਅੰਜੁਲੀਆਂ, ਰੁਤੀ ਤੇ ਕੁਝ ਛੰਤ ਤੇ ਬਹੁਤ ਸਾਰੇ ਖੁਲ੍ਹੇ ਸ਼ਬਦ ਵੀ ਆਪ ਜੀ ਨੇ ਰਚੇ ਹਨ, ਜੋ ਆਦਿ ਗ੍ਰੰਥ ਵਿਚ ਦਰਜ ਹਨ। ਇਕ ਅਮਰ ਸ਼ਹੀਦ, ਇਕ ਮੌਲਿਕ ਕਵੀ, ਇਕ ਆਦਿ ਗ੍ਰੰਥ ਦੇ ਸੰਪਾਦਕ ਵਜੋਂ ਗੁਰੂ ਅਰਜਨ ਦੇਵ ਜੀ ਦੀ ਇਤਿਹਾਸਿਕ ਸ਼ਖਸ਼ੀਅਤ ਨੇ ਸਿੱਖ ਕੌਮ ਦੇ ਦਿਲਾਂ ਵਿਚ ਸਦੀਵੀ ਥਾਂ ਬਣਾ ਲਈ ਹੈ। ਹਰ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਆਉਂਦਾ ਹੈ ਤੇ ਸਿੱਖ ਕੌਮ ਨੂੰ ਆਪਣੇ ਵਿਰਸੇ ਦੀ ਯਾਦ ਕਰਵਾਉਂਦਾ ਹੈ। ਇਕ ਸਾਧਾਰਨ ਸ਼ਹੀਦ ਦੀ ਮੌਤ ਵੀ ਕੌਮ ਦੀ ਹਯਾਤ ਹੁੰਦੀ ਹੈ ਪ੍ਰੰਤੂ ਜਿਸ ਕੌਮ ਦਾ ਗੁਰੂ ਹੀ ਤੱਤੀ ਤਵੀ ਤੇ ਬੈਠ ਕੇ ਸ਼ਹੀਦ ਹੋਇਆ ਹੋਵੇ, ਉਹ ਕੌਮ ਹਮੇਸ਼ਾ ਧਰਮ ਤੇ ਸਵੈਮਾਣ ਦੇ ਜ਼ਜਬੇ ਨਾਲ ਭਰਪੂਰ ਹੁੰਦੀ ਹੈ।

**..............( ਸਫਾ 14 ਦੀ ਬਾਕੀ-- -----ਦੱਤਾ ਤ੍ਰੈ)**

ਅਕਾਸ਼ਬਾਣੀ ਸੁਣ ਕੇ ਦੱਤਾ ਤ੍ਰੈ ਘਰ ਤੋਂ ਨਿਕਲ ਤੁਰਿਆ। ਮਾਤਾ ਪਿਤਾ ਵਰਜਦੇ ਰਹੇ ਪਰ ਉਨ੍ਹਾਂ ਦੀ ਇਕ ਵੀ ਨਾ ਮੰਨੀ ਅਤੇ ਘੋਰ ਜੰਗਲ ਵਿਚ ਜਾ ਕੇ ਕਈ ਤਰ੍ਹਾਂ ਦੇ ਮੰਤਰਾਂ ਦਾ ਉਚਾਰਨ ਕੀਤਾ, ਕਈ ਤਰ੍ਹਾਂ ਦੀ ਸਾਧਨਾ ਕੀਤੀ। ਜਦ ਇਕ ਸਾਲ ਕਸ਼ਟ ਸਹਿ ਕੇ ਘੋਰ ਤਪ ਕੀਤਾ ਤਾਂ "ਬੁਧਿ ਕੋ ਬਰੁ ਦੇਤ ਭਏ ਤਬ ਆਨਿ ਬੁਧਿ ਨਿਧਾਨ" ਤਾਂ ਬੁੱਧੀ ਦੇ ਖਜਾਨੇ(ਪ੍ਰਭੂ) ਨੇ ਬੁੱਧੀ ਦਾ ਵਰ ਦਿੱਤਾ ਤਦ ਦੱਤ ਜੀ ਨੂੰ ਬੇਹਿਸਾਬੀ ਬੁੱਧੀ ਪ੍ਰਾਪਤ ਹੋ ਗਈ। ਜਦ ਅਚਾਨਕ ਬੁੱਧੀ ਵਧ ਗਈ ਤਾਂ ਦੇਸਾਂ-ਦੇਸਾਤਰਾਂ ਵਿਚ ਧਰਮ ਦਾ ਪ੍ਰਚਾਰ ਕਰਨ ਲੱਗਾ, ਜਿਸ ਨਾਲ ਪਾਪ ਕਰਮ ਖਿਸਕਣ ਲੱਗੇ। ਇਸ ਤਰ੍ਹਾਂ:-

ਪ੍ਰਿਥਮ ਅਕਾਲ ਗੁਰੂ ਕੀਆ ਜਿਹ ਕੋ ਕਬਹਿ ਨਹੀ ਨਾਸ॥
ਜੱਤ੍ਰ ਤੱਤ੍ਰ ਦਿਸਾ ਵਿਸਾ ਜਿਹ ਠੌਰ ਸਰਬ ਨਿਵਾਸ॥
ਅੰਡਜ ਜੇਰਜ ਸੇਤ ਉਤਭੁਜ ਕੀਨ ਜਾਸ ਪਸਾਰ॥
ਤਾਹਿ ਜਾਨ ਗੁਰੂ ਕੀਓ ਮੁਨਿ ਸਤਿ ਦਤ ਸੁਧਾਰ॥

ਜਿਸ ਅਕਾਲ ਪੁਰਖ ਦਾ ਕਦੇ ਨਾਸ ਨਹੀਂ ਹੁੰਦਾ, ਜਿਸ ਦਾ ਹਰ ਥਾਂ ਤੇ ਨਿਵਾਸ ਹੈ, ਅੰਡਜ ਜੇਰਜ ਸੇਤਜ ਉਤਭੁਜ ਆਦਿ ਉਸਦਾ ਹੀ ਪਸਾਰਾ ਹੈ, ਉਸਨੂੰ ਸਤ ਮੰਨ ਕੇ ਮੁਨੀਦੇਵ (ਦੱਤ) ਨੇ ਅਕਾਲ ਪੁਰਖ ਨੂੰ ਪਹਿਲਾ ਗੁਰੂ ਧਾਰਨ ਕੀਤਾ।

ਚੱਲਦਾ-

# ਰੁਦ੍ਰ ਅਵਤਾਰ: ਦੱਤਾਤ੍ਰੇਯ

- ਮਾਸਟਰ ਦਰਸ਼ਨ ਸਿੰਘ

ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਰਚਨਾ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਜਾਪੁ ਸਾਹਿਬ, ਅਕਾਲ ਉਸਤਤ, ਚੰਡੀ ਚਰਿੱਤ੍ਰ, ਬਚਿਤ੍ਰ ਨਾਟਕ, ਗਿਆਨ ਪ੍ਰਬੋਧ, ਸ਼ਸਤ੍ਰ ਨਾਮ ਮਾਲਾ, ਚਰਿੱਤਰੋਪਖਯਾਨ, ਜ਼ਫਰਨਾਮਾ ਅਤੇ ਹਿਕਾਇਤਾਂ ਆਦਿ ਅਦਭੁੱਤ ਰਚਨਾਵਾਂ ਹਨ ਉਥੇ ਪੁਰਾਣਕ ਕਥਾਵਾਂ ਤੋਂ ਇਲਾਵਾ ਵਿਸ਼ਨੂੰ ਜੀ ਦੇ ਚਵ੍ਹੀ ਅਵਤਾਰ, ਬ੍ਰਹਮਾਂ ਜੀ ਦੇ ਸੱਤ ਅਵਤਾਰ ਅਤੇ ਸ਼ਿਵ ਜੀ ਦੇ ਦੋ ਅਵਤਾਰਾਂ ਬਾਰੇ ਵੀ ਵਿਸਤ੍ਰਿਤ ਵਰਨਣ ਹੈ। ਕਿਸ ਤਰ੍ਹਾਂ ਸਮੇ-ਸਮੇ ਅਵਤਾਰ ਧਾਰ ਕੇ ਇਸ ਸ੍ਰਿਸ਼ਟੀ ਉੱਤੇ ਆਏ ਅਤੇ ਕੀ ਕੀ ਕੌਤਕ ਕੀਤੇ ।ਏਥੇ ਮੈਂ ਸ਼ਿਵ ਜੀ ਦੇ ਦੋ ਅਵਤਾਰ ਦੱਤਾਤ੍ਰੇਯ ਅਤੇ ਪਾਰਸ ਨਾਥ ਚੋਂ ਕੇਵਲ ਦੱਤਾਤ੍ਰੇਯ ਬਾਰੇ ਸੰਖੇਪ ਵਰਣਨ ਕਰਦਾ ਹਾਂ ।

ਕਲਗੀਧਰ ਪਾਤਸ਼ਾਹ ਇਸ ਪ੍ਰਸੰਗ ਦੇ ਆਰੰਭ ਵਿਚ ਕਥਨ ਕਰਦੇ ਹਨ ਕਿ ਸ਼ਿਵ ਜੀ ਨੇ ਪਹਿਲਾ ਅਵਤਾਰ ਕਿਉਂ ਅਤੇ ਕਿਸ ਤਰ੍ਹਾਂ ਧਾਰਿਆ ।

ਅਬ ਕਹੋ ਤਵਨ ਸੁਧਾਰ॥ ਜੇ ਧਰੇ ਰੁਦ੍ਰ ਅਵਤਾਰ॥<br>
ਅਤਿ ਜੋਗ ਸਾਧਨ ਕੀਨ॥ ਤਬ ਗਰਬ ਕੇ ਰਸ ਭਨਿ॥

ਮਨੁੱਖੀ ਸੁਭਾਅ ਹੈ ਜਦ ਵੀ ਦੂਸਰਿਆਂ ਨਾਲੋਂ ਕੋਈ ਵੱਖਰਾ ਕੰਮ ਕਰਦਾ ਹੈ ਤਾਂ ਹੰਕਾਰ ਹੋ ਜਾਣਾ ਸੁਭਾਵਕ ਹੈ ।ਜਿਸ ਤਰ੍ਹਾਂ ਸ਼ਿਵ ਜੀ ਨੇ ਦੱਤਾਤ੍ਰੇਯ ਦੇ ਰੂਪ ਵਿਚ ਅਵਤਾਰ ਧਾਰਨ ਤੋਂ ਪਹਿਲਾਂ ਘੋਰ ਸਾਧਨਾ ਕੀਤੀ ਅਤੇ ਹੰਕਾਰ ਵਸ ਹੋ ਕੇ:-

ਸਰ ਆਪ ਜਾਨ ਨ ਅਉਰ॥ ਸਭ ਦੇਸ ਮੈਂ ਠਉਰ॥

ਸਾਰਿਆਂ ਦੇਸ਼ਾਂ ਅਤੇ ਸਥਾਨਾਂ ਤੇ ਆਪਣੇ ਬਰਾਬਰ ਕਿਸੇ ਨੂੰ ਨਾ ਜਾਣਿਆ, ਤਦ ਅਕਾਸ਼ਬਾਣੀ ਹੋਈ-

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥<br>
ਤਬ ਕੋਪ ਕੈ ਇਮ ਕਾਲ॥ ਇਮ ਭਾਖ ਬੈਣਿ ਉਤਾਲ॥

ਤਾਂ ਅਕਾਲ ਪੁਰਖ ਨੇ ਗੁੱਸੇ ਵਿਚ ਹੋ ਕੇ ਇਹ ਬਚਨ ਕੀਤੇ-

ਜੇ ਗਰਬ ਲੋਕ ਕਰੰਤ॥ ਤੇ ਜਾਨ ਕੂਪ ਪਰੰਤ॥<br>
ਮੁਰ ਨਾਮ ਗਰਬ ਪ੍ਰਹਾਰ॥ ਸੁਨ ਲੇਹੁ ਰੁਦ੍ਰ ਬਿਚਾਰ॥

ਹੇ ਸ਼ਿਵ ਜਿਹੜੇ ਲੋਕ ਅਹੰਕਾਰ ਕਰਦੇ ਹਨ, ਉਹ ਜਾਣ ਬੁਝ ਕੇ ਖੂਹ ਵਿਚ ਡਿੱਗਦੇ ਹਨ। ਧਿਆਨ ਨਾਲ ਸੁਣ! ਮੇਰਾ ਨਾਮ ਗਰਬ ਪ੍ਰਹਾਰਕ ਹੈ ਭਾਵ ਅਹੰਕਾਰ ਨੂੰ ਦੂਰ ਕਰਨ ਵਾਲਾ ਬ੍ਰਹਮਾ ਨੇ ਅਹੰਕਾਰ ਕੀਤਾ ਤਾਂ ਸੱਤ ਅਵਤਾਰ ਧਾਰਨ ਕਰਨੇ ਪਏ। ਹੇ ਸ਼ਿਵ! ਬ੍ਰਹਮਾ ਦੀ ਤਰ੍ਹਾਂ ਤੁਸੀਂ ਵੀ ਅਵਤਾਰ ਧਾਰਨ ਕਰੋ, ਇਸ ਤੋਂ ਬਿਨਾਂ ਕਿਸੇ ਵੀ ਢੰਗ ਨਾਲ ਉਧਾਰ ਨਹੀਂ ਹੋਵੇਗਾ ।ਜਦ ਸ਼ਿਵ ਜੀ ਨੇ ਅਕਾਲ ਪੁਰਖ ਦੇ ਇਹ ਬਚਨ ਸੁਣੇ ਤਾਂ ਅਕਾਲ ਪੁਰਖ ਨੂੰ ਗਰਬ-ਨਿਵਾਰਕ ਜਾਣ ਕੇ,ਧਰਤੀ ਤੇ ਆ ਕੇ ਦੋ ਰੂਪਾਂ ਵਿਚ ਅਵਤਾਰ ਧਾਰਨ ਕੀਤੇ ।ਪਹਿਲਾਂ ਦੱਤਾਤ੍ਰੇਯ ਦੇ ਰੂਪ ਵਿਚ ਪ੍ਰਗਟ ਹੋਏ।

ਰਿਖਿ ਪੁਤ੍ਰ ਏਸ ਭਏ ਰੁਦ੍ਰ ਦੇਵ॥<br>
ਮੋਨੀ ਮਹਾਨ ਮਾਨੀ ਅਭੇਵ॥

ਸ਼ਿਵ ਜੀ, ਰਿਖੀ-ਪੁੱਤ੍ਰ (ਦੱਤਾਤ੍ਰੇਯ) ਦੇ ਰੂਪ ਵਿਚ ਪ੍ਰਗਟ ਹੋਏ ।ਉਹਨਾਂ ਦੇ ਪਿਤਾ ਅਤ੍ਰਿ ਰਿਖੀ ਬਾਰੇ ਲਿਖਦੇ ਹਨ:-

ਪੁਨ ਭਏ ਅਤ੍ਰ ਰਿਖਿ ਮੁਨਿ ਮਹਾਨ॥<br>
ਦਸ ਚਾਰ ਚਾਰ ਬਿਦਿਆ ਨਿਧਾਨ॥

ਫਿਰ ਮਹਾਨ ਮੁਨੀ ਅਤ੍ਰਿ ਰਿਖੀ ਜੀ ਹੋਏ, ਜੋ ਅਠਾਰਾਂ ਵਿਦਿਆਵਾਂ ਦੇ ਭੰਡਾਰ ਸਨ ।ਦੱਤਾਤ੍ਰੇਯ ਦੇ ਅਵਤਾਰ ਧਾਰਨ ਤੋਂ ਪਹਿਲਾਂ ਅਤ੍ਰਿ ਰਿਖੀ ਨੇ ਕਈ ਦਿਨਾਂ ਤੱਕ ਰਾਜ ਛੱਡ ਕੇ ਸ਼ਿਵ ਜੀ ਦੀ ਯੋਗ ਸਾਧਨਾਂ ਕੀਤੀ।

ਕਿਨੋ ਸੁ ਯੋਗ ਬਹੁ ਦਿਨ ਪ੍ਰਮਾਨ॥<br>
ਰੀਝਿਓ ਰੁਦ੍ਰ ਤਾ ਪਰ ਨਿਧਾਨ॥<br>
ਬਰੁ ਮਾਂਗ ਪੁਤ੍ਰ ਜੋ ਰੁਚੈ ਤੋਹਿ॥<br>
ਬਰੁ ਦਾਨ ਤਉਨ ਮੈਂ ਦੇਉਂ ਤੋਹਿ॥

ਪ੍ਰਸੰਨ ਹੋ ਕੇ ਸ਼ਿਵ ਜੀ ਨੇ ਕਿਹਾ ਪੁਤ੍ਰ! ਜੋ ਤੈਨੂੰ ਚੰਗਾ ਲੱਗੇ ਵਰ ਮੰਗ ਮੈਂ ਤੈਨੂੰ ਓਹੀ ਵਰ ਦੇਵਾਂਗਾ ਤਾਂ ਅਤ੍ਰਿ ਮੁਨੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਹੇ ਸ਼ਿਵ ਮਹਾਰਾਜ! ਜੇ ਮੈਨੂੰ ਵਰ ਦਿੰਦੇ ਹੋ ਤਾਂ:-

ਗ੍ਰਿਹ ਹੋਇ ਪੁਤ੍ਰ ਸਮ ਤੁਲਿ ਤੋਹਿ॥

ਮੇਰੇ ਘਰ ਤੁਹਾਡੇ ਸਮਾਨ ਪੁੱਤਰ ਜਨਮ ਲਵੇ ।

ਕਹਿ ਕੈ ਤਥਾਸਤੁ ਭਏ ਅੰਤ੍ਰ ਧਿਆਨ॥<br>
ਗ੍ਰਿਹ ਗਯੋ ਅਤ੍ਰਿ ਮੁਨਿ ਮਨਿ ਮਹਾਨ॥

ਇਸ ਤੇ ਸ਼ਿਵ ਜੀ "ਤਥਾਸਤੁ" (ਇੰਜ ਹੀ ਹੋਵੇਗਾ) ਕਹਿ ਕੇ ਅੰਤਰ ਧਿਆਨ ਹੋ ਗਏ ਅਤੇ ਅਤ੍ਰਿ ਮੁਨੀ ਵੀ ਆਪਣੇ ਘਰ ਪਰਤ ਆਏ।

ਕੁਝ ਸਮਾਂ ਬੀਤਣ ਤੇ ਰਿਖੀ ਨੇ "ਅਨਸੂਆ" ਨਾਮ ਦੀ ਇਸਤ੍ਰੀ ਨਾਲ ਵਿਆਹ ਕੀਤਾ ਜੋ ਬਹੁਤ ਸਮੇਂ ਤੋਂ ਯੋਗ ਸਾਧਨਾ ਕਰਦੀ ਸੀ। ਯੋਗ ਸਾਧਨਾ ਦੇ ਪ੍ਰਤਾਪ ਨਾਲ ਸਦ ਗੁਣਾ ਦਾ ਸਮੂਹ, ਬਹੁਤ ਤੇਜੱਸਵੀ ਸੁੰਦਰ ਰੰਗ ਰੂਪ ਵਾਲੀ ਮਾਨੋ ਕਾਮ ਦੇਵ ਦਾ ਹੀ ਸਰੂਪ ਸੀ। ਏਹੋ ਜਿਹੇ ਸਰੂਪ ਵਾਲੀ ਨੂੰ ਅਤ੍ਰਿ ਮੁਨੀ ਨੇ ਵੇਖਿਆ ਅਤੇ ਵਿਆਹ ਦੀ ਇੱਛਾ ਪ੍ਰਗਟ ਕੀਤੀ।ਪਰ ਅਨਸੂਆ ਨੇ ਉਸ ਸਮੇਂ ਇਹ ਪ੍ਰਤਿਗਿਆ ਕੀਤੀ-ਭਤਾਰ॥ ਮੈਂ ਬਰੋਂ ਤਾਸ ਰੁਚਿ ਅਨਿ ਚਿਤ॥ ਜੋ ਸਹੈ ਕਸ਼ਟ ਐਸੋ ਪਵਿਤ॥

ਮੈਂ ਉਸ ਪੁਰਖ ਨੂੰ ਰੁਚੀ ਨਾਲ ਚਿੱਤ ਵਿਚ ਵਸਾ ਕੇ ਵਿਆਹ ਕਰਾਂਗੀ। ਜੋ ਵਿਆਹ ਕੇ ਮੇਰੇ ਨਾਲ ਭੋਗ ਨਹੀਂ ਕਰੇਗਾ ਤੇ ਸਾਰਾ ਜੀਵਨ ਇਹ ਪਵਿੱਤ੍ਰ ਕਸ਼ਟ ਸਹਿ ਸਕਦਾ ਹੋਵੇ।

ਅਤ੍ਰਿ ਰਿਖੀ ਨੇ "ਰਿਖਿ ਮਾਨਿ ਬੈਨ ਤਬ ਬਰਯੋ ਵਾਹਿ॥

ਇਸ ਤਰਾਂ ਅਤ੍ਰਿ ਰਿਖੀ ਨੇ ਇਹ ਸ਼ਰਤ ਮੰਨ ਕੇ ਅਨਸੂਆ ਨਾਲ ਵਿਆਹ ਕਰ ਲਿਆ, ਸਮਾਂ ਬੀਤਦਾ ਗਿਆ,ਇਕ ਦਿਨ-

ਤਿਹ ਧਾਮ ਗਏ ਬ੍ਰਹਮਾਦਿ ਆਦਿ॥
ਕਿੱਨੀ ਸੁ ਸੇਵ ਤ੍ਰੀਅ ਬਹੁ ਪ੍ਰਸਾਦਿ॥

ਅਤ੍ਰਿ ਰਿਖੀ ਦੇ ਘਰ ਬ੍ਰਹਮਾ ਸ਼ਿਵ ਜੀ ਆਦਿ ਦੇਵਤੇ ਗਏ। ਅਨਸੂਆ ਨੇ ਬਹੁਤ ਸ਼ਰਧਾ ਨਾਲ ਸੇਵਾ ਕੀਤੀ, ਇਸ ਤੇ ਬ੍ਰਹਮਾ ਨੇ ਪ੍ਰਸੰਨ ਹੋ ਕੇ ਇਸ ਤਰ੍ਹਾਂ ਕਿਹਾ:

ਕਿੱਨੋ ਸੁ ਐਸ ਬ੍ਰਹਮਾ ਉਚਾਰ॥
ਤੈ ਪੁਤ੍ਰਵੰਤ ਹੂਜੋ ਕੁਮਾਰਿ॥
ਕੀਅ ਐਸ ਬ੍ਰਹਮ ਉਚਾਰ॥
ਤੈ ਪੁਤ੍ਰ ਪਾਵਸ ਬਾਰ॥

ਹੇ ਕੁਮਾਰੀ! ਤੂੰ ਪੁਤ੍ਰ ਵੰਤੀ ਹੋਵੇਂ, ਹੇ ਇਸਤ੍ਰੀ ਤੂੰ ਪੁਤ੍ਰ ਪ੍ਰਾਪਤ ਕਰੇਂ।

ਤਬ ਨਾਰਿ ਏ ਸੁਨਿ ਬੈਨ॥
ਬਹੁ ਆਸੁ ਡਾਰਤ ਨੈਨ॥

ਬ੍ਰਹਮਾ ਦੇ ਇਹ ਬੋਲ ਸੁਣ ਕੇ ਅਨਸੂਆ ਦੇ ਹੰਝੂ ਵਹਿਣ ਲੱਗੇ, ਸਰੀਰ ਵਿਆਕੁਲ ਹੋ ਗਿਆ ਤਦ ਕ੍ਰੋਧ ਵਿਚ ਆ ਕੇ

ਉਪਟੰਤ ਕੇਸ॥ ਮੁਨਿ ਤ੍ਰਿਅ ਸੁਦੇਸ॥
ਤੋਰੰਤ ਹਾਰ॥ ਉਪਟੰਤ ਬਾਰ॥

ਆਪਣੇ ਵਾਲ ਖੋਹਣ ਲੱਗੀ ਹਾਰ ਤੋੜਨ ਲੱਗੀ, ਸਿਰ ਵਿਚ ਮਿੱਟੀ ਪਾਉਂਦੀ ਹੈ। ਅਤ੍ਰਿ ਰਿਖੀ ਦੀ ਇਸਤ੍ਰੀ (ਅਨਸੂਆ) ਦੀ ਇਹ ਹਾਲਤ ਵੇਖਕੇ-

ਲਖਿ ਕੋਪ ਭੀ ਮੁਨਿ ਨਾਰਿ॥ ਉਠਿ ਭਾਜ ਬ੍ਰਹਮ ਉਦਾਰ॥
ਸ਼ਿਵ ਅੰਗ ਲੈ ਰਿਖਿ ਸਰਬ॥ ਭੈ ਮਾਨ ਹ੍ਵੈ ਤਜਿ ਗਰਬ॥

ਬ੍ਰਹਮਾ ਭੱਜ ਗਿਆ, ਸ਼ਿਵ ਜੀ ਸਾਰੇ ਰਿਖੀਆ ਨੂੰ ਨਾਲ ਲੈ ਕੇ ਹੰਕਾਰ ਨੂੰ ਛੱਡ ਕੇ ਭੈ ਮਾਨ ਹੋ ਤੁਰਿਆ।

ਫੇਰ ਪਾਤਸ਼ਾਹ ਲਿਖਦੇ ਹਨ-

ਤਬ ਕੋਪ ਕੈ ਮੁਨਿ ਨਾਰਿ॥ ਸਿਰ ਕੇਸ ਲਟਾ ਉਪਾਰਿ॥
ਕਰ ਸੌ ਜਬੈ ਕਰ ਮਾਰ॥ ਤਬ ਲੀਨ ਦੱਤ ਅਵਤਾਰ॥
ਕਰ ਬਾਮ ਮਾਤ੍ਰ ਸਮਾਨ॥ ਕਰ ਦਛਨਤ੍ਰਿ ਪ੍ਰਮਾਨ॥
ਕੀਅ ਪਾਨ ਭੋਗ ਬਿਚਾਰ॥ ਤਬ ਭਏ ਦਤ ਕੁਮਾਰ॥

ਤਦ ਕ੍ਰੋਧ ਕਰ ਕੇ ਮੁਨੀ (ਅਤ੍ਰਿ) ਦੀ ਇਸਤ੍ਰੀ (ਅਨਸੂਆ) ਨੇ ਸਿਰ ਤੋਂ ਵਾਲਾਂ ਦੀ ਲਟ ਪੁੱਟੀ, ਉਸ ਨੇ ਅਪਣੇ ਹੱਥ ਤੇ ਹੱਥ ਮਾਰਿਆ ਤਦ ਦੱਤ ਨੇ ਅਵਤਾਰ ਧਾਰਿਆ ਭਾਵ ਦੱਤ ਦਾ ਜਨਮ ਹੋਇਆ।

ਕਲਗੀਧਰ ਪਾਤਸ਼ਾਹ ਲਿਖਦੇ ਹਨ ਇਸ ਤਰ੍ਹਾਂ ਖੱਬਾ ਹੱਥ ਮਾਤਾ ਦੇ ਸਮਾਨ ਅਤੇ ਸੱਜਾ ਹੱਥ ਪਿਤਾ (ਅਤ੍ਰਿ ਰਿਖੀ) ਦੇ ਸਮਾਨ ਹੈ। ਇਸ ਤਰ੍ਹਾਂ ਜਦ ਅਨਸੂਆ ਨੇ ਪਾਨ ਭੋਗ (ਹੱਥਾਂ ਦਾ ਭੋਗ ਕੀਤਾ) ਤਾਂ ਪੁਤ੍ਰ(ਦੱਤ) ਪੈਦਾ ਹੋਇਆ। ਇਹ ਮਹਾਂ ਮੋਹਣੀ ਸਰੂਪ ਵਾਲਾ, ਅਠਾਰ੍ਹਾਂ ਵਿੱਦਿਆਵਾਂ ਦਾ ਖਜਾਨਾ, ਸ਼ਾਸਤ੍ਰਾਂ ਦਾ ਗਿਆਤਾ, ਸੂਰਜ ਸਮਾਨ ਤੇਜ, ਧਰਤੀ ਸਮਾਨ ਧੀਰਜ ਰੱਖਣ ਵਾਲਾ ਪੁਤ੍ਰ ਦੱਤ ਸੀ।

"ਜਨਮੰਤ ਲਾਗਿ ਉਠਿ ਜੋਗ ਕਰਮ॥
ਹਤਿ ਕੀਓ ਪਾਪ ਪ੍ਰਚੁਰ ਧਰਮ॥
ਰਾਜਾਧਿਰਾਜ ਬਡ ਲਾਗ ਚਰਨ॥
ਸੰਨਿਆਸ ਲੋਗ ਉਠਿ ਲਾਗਿ ਕਰਨ॥

ਦੱਤ ਜਨਮ ਲੈਂਦਿਆਂ ਹੀ ਯੋਗ ਸਾਧਨਾ ਵੱਲ ਲੱਗ ਗਿਆ, ਉਸ ਨੇ ਪਾਪਾਂ ਦਾ ਨਾਸ ਕਰ ਕੇ ਧਰਮ ਦਾ ਪ੍ਰਚਾਰ ਕੀਤਾ। ਇਸ ਦਾ ਅਦਭੁਤ ਅਤੇ ਅਨੂਪਮ ਰੂਪ ਵੇਖ ਕੇ ਰਾਜੇ ਮਹਾਰਾਜੇ ਚਰਨੀ ਆਨ ਲੱਗੇ। ਛਲ ਕਪਟ ਦਾ ਤਿਆਗ, ਮੋਹ ਤੋਂ ਵਿਰਕਤ, ਸਾਰੀਆਂ ਕਾਮਨਾਵਾਂ ਦਾ ਤਿਆਗ ਆਦਿ ਹੀ ਯੋਗ ਦੇ ਅੰਗ ਹਨ।

ਇਸ ਤਰ੍ਹਾਂ ਦੱਤ ਨੇ ਚਿੱਤ ਵਿਚ ਇਕ (ਸੰਨਿਆਸ ਯੋਗ) ਦੀ ਆਸ ਰੱਖ ਕੇ ਬਾਕੀ ਆਸਾਂ ਛੱਡ ਦਿੱਤੀਆਂ। ਸਾਧਨਾ ਕਰਦਾ ਮਾਨੋ ਆਪ ਯੋਗ ਰੂਪ ਹੀ ਹੋ ਗਿਆ। ਸਾਧਨਾ ਕਰਦਿਆਂ ਕਰਦਿਆਂ ਕਾਲ ਦੇਵ ਉਸ ਤੇ ਪ੍ਰਸੰਨ ਹੋ ਗਿਆ ਤਾਂ "ਇਮ ਭਈ ਬਿਓਮ ਬਾਨੀ ਬਨਾਇ। ਤੁਮ ਸੁਣੋ ਬੈਨ ਸੰਨਯਾਸ ਰਾਇ॥" ਇਕ ਦਿਨ ਅਕਾਸ਼ ਬਾਣੀ ਹੋਈ ਹੇ ਸੰਨਿਆਸ ਰਾਜ ਧਿਆਨ ਦੇ ਕੇ ਸੁਣੋ

ਗੁਰਹੀਨ ਮੁਕਤਿ ਨਹੀ ਹੋਤ ਦੱਤ॥
ਤੋਹਿ ਕਹੋ ਬਾਤ ਸੁਨਬਿਮਲ ਮੱਤਿ॥
ਗੁਰ ਕਰਹਿ ਪ੍ਰਿਥਮ ਤਬ ਹੋਗਿ ਮੁਕਤਿ॥
ਕਹੈ ਦੀਨ ਕਾਲ ਤਿਹ ਜੋਗ ਜੁਗਤਿ॥

ਹੇ ਦੱਤ! ਗੁਰੂ ਤੋਂ ਹੀਣ ਮੁਕਤੀ ਨਹੀਂ ਹੋਵੇਗੀ। ਆਦਿ ਗੁਰਬਾਣੀ ਵਿਚ ਵੀ ਵਰਣਨ ਹੈ-

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਅਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥

ਹੇ ਨਿਰਮਲ ਬੁੱਧੀ ਵਾਲੇ ਤੈਨੂੰ ਕਹਿੰਦਾ ਹਾਂ ਪਹਿਲਾਂ ਗੁਰੂ ਧਾਰਨ ਕਰ ਤਾਂ ਮੁਕਤ ਹੋਵੇਂਗਾ ਤਾਂ ਕਾਲ ਦੇਵ ਨੇ ਯੋਗ ਦੀ ਜੁਗਤੀ ਦੱਸੀ। (ਅਕਾਸ਼ਬਾਣੀ) ਸੁਣ ਕੇ ਦੱਤ ਨੇ ਕਈ ਤਰ੍ਹਾਂ ਨਾਲ ਪ੍ਰਣਾਮ ਕੀਤੀ ਅਤੇ ਅਕਾਲ ਪੁਰਖ ਦੀ ਉਸਤਤਿ ਕੀਤੀ। ਜੋ ਕਈ ਰੂਪਾਂ ਵਿਚ ਵਰਤ ਰਿਹਾ ਹੈ ਨਿਰਗੁਣ ਅਤੇ ਸਰਗੁਣ ਸਰੂਪ ਵਿਚ, ਜੋ ਦੀਨਾਂ ਦਾ ਉਧਾਰ ਕਰਨ ਵਾਲਾ ਹੈ, ਜੋ ਵੈਰੀ, ਮਿੱਤਰ ਨੂੰ ਬਰਾਬਰ ਜਾਣਦਾ ਹੈ। ਜੋ ਕਾਲ ਤੋਂ ਰਹਿਤ ਹੈ। ਜਿਸਨੂੰ ਪਾਪ ਪੁੰਨ ਦਾ ਕੋਈ ਲੇਪ ਨਹੀਂ।

ਇਸ ਤਰ੍ਹਾਂ ਹੰਕਾਰ ਨੂੰ ਤਿਆਗ ਕੇ ਕਈ ਦੇਸ਼ਾਂ ਵਿਚ ਪ੍ਰਭੂ ਦੀ ਕੀਰਤੀ ਕਰਦਿਆਂ-ਕਰਦਿਆਂ ਦੱਤ ਨੇ ਕਈ ਵਰ੍ਹੇ ਬਿਤਾਏ ਤਾਂ ਇਕ ਦਿਨ ਅਕਾਸ਼ਬਾਣੀ ਹੋਈ:-

ਦਤ ਸੱਤ ਕਹੋ ਤੁਝੈ ਗੁਰਹੀਣ ਮੁਕਤਿ ਨ ਹੋਇ॥
ਰਾਵ ਰੰਕ ਪ੍ਰਜਾ ਵਜਾ ਇਮ ਭਾਖਹੀ ਸਭ ਕੋਇ॥
ਕੋਟਿ ਕਸਟਨ ਕਿਉ ਕਰੋ ਨਹੀ ਐਸ ਦੇਹਿ ਉਧਾਰ॥
ਜਾਇ ਕੈ ਗੁਰ ਕੀਜੀਐ ਸੁਨਿ ਸਤਿ ਅਤ੍ਰਿ ਕੁਮਾਰ॥
ਜਉਨ ਚਿਤ ਬਿਖੈ ਰੁਚੈ ਸੋਈ ਕੀਜੀਐ ਗੁਰਦੇਵ॥
ਤਿਆਗ ਕਰਿਕੈ ਕਪਟ ਕੌ ਚਿਤ ਲਾਇ ਕੀਜੈ ਸੇਵ॥

.........ਬਾਕੀ ਸਫ਼ਾ 12 ਤੇ

# ਸੰਤ ਜੋਰਾ ਸਿੰਘ ਜੀ ਨਮਿਤ ਮੇਲੇ ਦੀਆਂ ਝਲਕੀਆਂ



ਸਤਿਗੁਰੂ ਜੀ ਪ੍ਰਵਚਨ ਕਰਦੇ ਹੋਏ



ਸਤਿਗੁਰੂ ਜੀ ਸੰਤ ਜਸਵੰਤ ਸਿੰਘ ਜੀ ਨੂੰ ਦਸਤਾਰ ਸਜਾਉਂਦੇ ਹੋਏ



ਸੰਤ-ਸਮਾਜ ਦੀ ਸਮਾਗਮ ਵਿਚ ਹਾਜਰੀ



ਸਤਿਗੁਰੂ ਜੀ ਬੂਟਿਆਂ ਦਾ ਪ੍ਰਸ਼ਾਦ ਵੰਡਦੇ ਹੋਏ





ਗੁਰੂ ਕੀਆਂ ਲਾਡਲੀਆਂ ਫ਼ੌਜਾਂ: ਨਿਹੰਗ ਸਿੰਘ ਸਮਾਗਮ 'ਚ ਹਾਜ਼ਰੀ ਭਰਦੇ ਹੋਏ



ਰਾਮਪੁਰਾ ਦੀ ਸੰਗਤ ਵਲੋਂ ਸੰਤ ਜਸਵੰਤ ਸਿੰਘ ਜੀ ਨੂੰ ਦਸਤਾਰ ਭੇਂਟ



ਸ਼ਰਧਾ ਸੁਮਨ ਭੇਟ ਕਰਦੇ ਹੋਏ ਪ੍ਰਮੁੱਖ ਬੁਲਾਰੇ

# ਬੱਚਿਆਂ ਨੂੰ ਆਸ਼ੀਰਵਾਦ



(ਰਿਪੋਰਟ ਸਫ਼ਾ 24 ਤੇ)


# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਿਰਧ ਆਸ਼ਰਮ ਦਾ ਉਦਘਾਟਨ

**ਸੰਤ ਚਰਨਜੀਤ ਸਿੰਘ ਸ਼ੰਭੂ ਪੈਟਰੌਲ ਪੰਪ ਵਾਲਿਆਂ ਅਤੇ ਸਹਿਯੋਗੀਆਂ ਵੱਲੋਂ ਤਿਆਰ ਕਰਵਾਇਆ ਬਿਰਧ ਆਸ਼ਰਮ** (10 ਜੂਨ-ਰਾਜਪੁਰਾ)















(ਵੇਰਵਾ- ਸਫ਼ਾ 23 ਤੇ)

# ਸ੍ਰੀ ਸਤਿਗੁਰੂ ਜੀ ਵਲੋਂ ਖ਼ੁਸ਼ੀਆਂ ਹੀ ਖ਼ੁਸ਼ੀਆਂ



30 ਮਈ ਸੰਤ ਮਹਿੰਦਰ ਸਿੰਘ(ਯਮੁਨਾ ਨਗਰ) ਦੇ ਚੜ੍ਹਾਈ ਕਰਨ ਤੇ ਸ੍ਰੀ ਭੈਣੀ ਸਾਹਿਬ ਉਨ੍ਹਾਂ ਦੇ ਸਪੁਤ੍ਰ ਇੰਦਰਪਾਲ ਸਿੰਘ ਦੀ ਦਸਤਾਰ ਬੰਦੀ



4 ਜੂਨ ਹਰੀ ਮੰਦਰ ਬੰਸਰੀ ਵਾਦਨ ਬੱਚੀ ਗੁਰਦੇਵ ਕੌਰ



8 ਜੂਨ ਹਿਸਾਰ ਸੂਬਾ ਚਰਨਜੀਤ ਸਿੰਘ ਦੇ ਗ੍ਰਹਿ ਵਿਖੇ



10 ਜੂਨ ਅਨੰਦ ਕਾਰਜ਼ ਕਾਕਾ ਜਗੀਰ ਸਿੰਘ S/o ਕਰਨੈਲ ਸਿੰਘ,ਬਲਦੀਸ਼ ਕੌਰ ਬੀਬੀ ਹਰਮੀਤ ਕੌਰ D/O ਕੇਵਲ ਸਿੰਘ,ਬਲਵਿੰਦਰ ਕੌਰ



10 ਜੂਨ ਕਾਕਾ ਮੰਗਲ ਸਿੰਘ s/o ਸ.ਮੋਹਨ ਸਿੰਘ ਤੇ ਕਿਰਪਾ



8 ਜੂਨ ਹਿਸਾਰ ਅਨੰਦ ਕਾਰਜ਼ ਕਾਕਾ ਗੰਗਾ ਸਿੰਘ , ਬੀਬੀ ਕਮਲਜੀਤ ਕੌਰ



ਸ.ਚਮਕੌਰ ਸਿੰਘ ਸਿਆੜ੍ਹ ਤੋਂ ਡਾਕ-ਵਿਭਾਗ ’ਚੋਂ ਸੇਵਾ ਮੁਕਤ ਹੋਏ



ਦਸਤਾਰ ਸਜਾਉਣ ਤੋਂ ਬਾਅਦ ਸਤਿਗੁਰੂ ਜੀ ਦੇ ਚਰਨਾਂ ਵਿੱਚ

# ਨਿਰਪੱਖ ਬਾਦਸ਼ਾਹ: ਮਹਾਰਾਜਾ ਰਣਜੀਤ ਸਿੰਘ

- ਗੁਰਲਾਲ ਸਿੰਘ

"ਮੌਤ ਉਸਕੀ ਹੈ, ਕਰੇ ਜਿਸਕਾ ਜ਼ਮਾਨਾ ਅਫ਼ਸੋਸ
ਯੂੰ ਤੋ ਦੁਨਿਯਾ ਮੇਂ ਸਭੀ ਆਤੇ ਹੈਂ ਮਰਨੇ ਕੇ ਲਿਯੇ"

ਸ਼ਾਹੀ ਮਹੱਲ ਦੀ ਛੱਤ ਤੋਂ ਸ਼ੇਰੇ ਪੰਜਾਬ ਨੇ ਵੇਖਿਆ ਉਸਦਾ ਵਿਦੇਸ਼ ਮੰਤਰੀ ਕਿਸੇ ਅਣਜਾਨ ਵਿਅਕਤੀ ਨਾਲ ਬਹਿਸ ਕਰ ਰਿਹਾ ਹੈ। ਦੋਵਾਂ ਨੂੰ ਬੁਲਾ ਕਾਰਨ ਪੁਛਿਆ ਤਾਂ ਮੰਤਰੀ ਫ਼ਕੀਰ ਅਜ਼ੀਜ-ਉਦ-ਦੀਨ ਨੇ ਕਿਹਾ ਜਹਾਂਪਨਾਹ ਇਸ ਵਿਅਕਤੀ ਨੇ ਕੁਰਾਨ ਸ਼ਰੀਫ਼ ਦਾ ਉਤਾਰਾ ਕੀਤਾ ਹੈ। ਇਸ ਦਾ ਕਹਿਣਾ ਹੈ ਕਿ ਇਹ ਉਤਾਰਾ ਕਰਦਿਆਂ ਉਸਨੂੰ ਕਈ ਸਾਲ ਲਗ ਗਏ। ਹੁਣ ਜੋ ਕੀਮਤ ਇਹ ਆਪਣੀ ਮਿਹਨਤ ਦੀ ਮੰਗ ਰਿਹਾ ਹੈ ਉਹ ਇੰਨੀ ਜਿਆਦਾ ਹੈ ਕਿ ਕਿਸੇ ਵੀ ਹਿੰਦੁਸਤਾਨੀ ਮੁਸਲਮਾਨ ਸ਼ਾਸਕ ਨੇ ਇਹ ਕੀਮਤ ਅਦਾ ਕਰਨੀ ਵਾਜ਼ਬ ਨਹੀ ਸਮਝੀ।

ਮਹਾਰਾਜੇ ਨੇ ਉਸ ਖੁਸ਼ ਨਵੀਸ ਵਲ ਵੇਖਿਆ ਅਤੇ ਉਹ ਪਵਿਤਰ ਕਿਤਾਬ ਹੱਥ ਵਿਚ ਫੜ ਲਈ ਅਤੇ ਮੱਥੇ ਨਾਲ ਛੂਹਾ ਕੇ ਉਸਦਾ ਉਤਾਰਾ ਵੇਖਿਆ, ਉਤਾਰੇ ਦੀ ਸ਼੍ਰੇਸ਼ਟਤਾ ਵੇਖ ਆਪਣੇ ਨਿਜੀ ਸੰਗ੍ਰਹਿ ਲਈ ਖਰੀਦ ਲਈ। ਅਜ਼ੀਜ-ਉਦ-ਦੀਨ ਨੇ ਪੁਛਿਆ ਮਹਾਰਾਜਾ "ਆਪ ਸਿੱਖ ਹੋ ਆਪ ਨੂੰ ਇਸ ਪਾਕ ਕਿਤਾਬ ਦਾ ਕੋਈ ਲਾਭ ਨਹੀਂ ਫਿਰ ਇੰਨੀ ਵੱਡੀ ਕੀਮਤ ਕਿਉਂ ਅਦਾ ਕੀਤੀ?" ਰਣਜੀਤ ਸਿੰਘ ਦਾ ਉਤਰ ਸੀ: "ਫ਼ਕੀਰ ਜੀ, ਪਰਮਾਤਮਾ ਦੀ ਰਜ਼ਾ ਸੀ ਕਿ ਮੈਂ ਸਭ ਨੂੰ ਇਕ ਅੱਖ ਨਾਲ ਦੇਖਾਂ ਇਸ ਲਈ ਮੇਰੀ ਇਕ ਅੱਖ ਦੀ ਨਜ਼ਰ ਉਸਨੇ ਖੋਹ ਲਈ"।

ਬਚਪਨ ਵਿੱਚ ਹੀ ਚੇਚਕ ਰੋਗ ਕਾਰਨ ਇੱਕ ਅੱਖ ਖਰਾਬ ਹੋ ਗਈ ਅਤੇ ਚੇਹਰੇ ਉੱਤੇ ਅਨੇਕਾਂ ਦਾਗ ਹੋ ਗਏ। ਇਸ ਕਰੂਪਤਾ ਨੇ ਮਹਾਰਾਜੇ ਨੂੰ ਕਦੀ ਨਕਾਰਾਤਮਕ ਸੋਚ ਦਾ ਧਾਰਨੀ ਨਹੀ ਕੀਤਾ। ਬੜੀ ਮਸ਼ਹੂਰ ਗੱਲ ਹੈ ਜਦੋਂ ਮਹਾਰਾਜਾ ਅੰਮ੍ਰਿਤਸਰ ਨੂੰ ਜਿੱਤ ਕੇ ਹਾਥੀ ਤੇ ਬੈਠ ਇੱਕ ਵਡੇ ਜਲੂਸ ਨਾਲ ਸ਼ਹਿਰ ਵਿੱਚ ਦਾਖ਼ਲ ਹੋਇਆ ਤਾਂ ਅਟਾਰੀ ਤੇ ਖੜੇ ਅਕਾਲੀ ਫੂਲਾ ਸਿੰਘ ਨੇ ਅਵਾਜ਼ ਮਾਰ ਕੇ ਕਿਹਾ "ਓ ਕਾਣੇ ਤੈਨੂੰ ਇਹ ਸੌਦਾ ਕਿਸ ਨੇ ਦਿੱਤਾ ਸਵਾਰੀ ਲਈ"? ਮਹਾਰਾਜੇ ਨੇ ਹੱਸ ਕੇ ਹੱਥ ਜੋੜ ਕਿਹਾ ਸਰਕਾਰ ਤੁਹਾਡਾ ਦਿੱਤਾ ਤੋਹਫਾ ਹੈ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਸ਼ੇਰੇ ਪੰਜਾਬ ਦੀਆਂ ਹਨ। ਜਿਨ੍ਹਾ ਵਿੱਚ ਉਸ ਦੀ ਚੁਸਤ ਦਿਮਾਗ ਤੇ ਤੀਬਰ ਸੂਝ ਬੂਝ ਦੇ ਸਬੂਤ ਹਨ। ਉਸ ਦੀ ਅੱਖ ਬਾਰੇ ਇਕ ਘਟਨਾ ਦਾ ਜਿਕਰ ਫ਼ਕੀਰ ਵਹੀਦਉਦੀਨ ਨੇ ਕੀਤਾ ਹੈ-ਅੰਗਰੇਜ਼ ਗਵਰਨਰ ਜਰਨਲ ਲਾਰਡ ਵਿਲਿਅਮ ਬੈਂਟਿਕ ਜਦੋਂ ਫ਼ਕੀਰ ਅਜ਼ੀਜ਼ਉਦੀਨ ਨੂੰ ਸ਼ਿਮਲੇ ਵਿਚ ਮਿਲਿਆ ਤਦ ਉਸ ਨੇ ਪੁੱਛਿਆ ਕਿ ਮਹਾਰਾਜੇ ਦੀ ਕਿਹੜੀ ਅੱਖ ਅੰਨ੍ਹੀ ਹੈ? ਫ਼ਕੀਰ ਲਿਖਦਾ ਹੈ ਕਿ ਉਸ ਨੂੰ ਆਪਣੇ ਮਾਲਕ ਦਾ ਇਨ੍ਹਾ ਮਾਣ ਸੀ ਕਿ ਸਰੀਰਕ ਨੁਕਸ ਬਾਰੇ ਇਸ ਪੁੱਛ ਤੋਂ ਉਹ ਬਹੁਤ ਦੁਖੀ ਹੋਇਆ। ਪਰ ਉਸ ਨੇ ਆਪਣੀ ਅਕਲ ਤੇ ਸੂਝ-ਬੂਝ ਨੂੰ ਝੱਟ ਵਰਤੋਂ ਵਿੱਚ ਲਿਆਂਦਾ ਤੇ ਕਿਹਾ, 'ਜਨਾਬ, ਮਹਾਰਾਜੇ ਦੀ ਇੱਕ ਅੱਖ ਸੂਰਜ ਵਾਂਗ ਹੈ(ਹਿੰਦੂ ਜ਼ੋਤਸ਼ ਵਿਦਿਆ ਅਨੁਸਾਰ ਸੂਰਜ ਦੀ ਇਕ ਅੱਖ ਹੈ ਜੇ ਦੋ ਹੁੰਦੀਆਂ ਤਾਂ ਸਾਰਾ ਸੰਸਾਰ ਸੜ ਕੇ ਸੁਆਹ ਹੋ ਜਾਣਾ ਸੀ)ਜਿਸ ਤਰ੍ਹਾਂ ਸੂਰਜ ਵੱਲ ਕੋਈ ਪੂਰੀ ਤਰ੍ਹਾਂ ਵੇਖਣ ਦਾ ਹੌਂਸਲਾ ਨਹੀਂ ਕਰ ਸਕਦਾ, ਇਸੇ ਤਰ੍ਹਾਂ ਮੇਰਾ ਵੀ ਕਦੇ ਹੌਂਸਲਾ ਨਹੀ ਪਿਆ ਕਿ ਮੈਂ ਮਹਾਰਾਜੇ ਦੇ ਚਿਹਰੇ ਵੱਲ ਵੇਖ ਸਕਾਂ। ਮੇਰੀਆਂ ਅੱਖਾਂ ਤਾਂ ਉਹਨਾਂ ਦੇ ਪੈਰਾਂ ਤੋਂ ਵਾਕਫ ਹਨ[1]। ਮਹਾਰਾਜੇ ਨੇ ਆਪਣੀ ਜਿਸਮੀ ਕਰੂਪਤਾ ਵੱਲ ਧਿਆਨ ਨਾ ਦੇ ਅੰਦਰੂਨੀ ਸੁੰਦਰਤਾ ਨੂੰ ਨਿਖਾਰਿਆ।

ਰਣਜੀਤ ਸਿੰਘ ਸਾਰਿਆਂ ਧਰਮਾਂ ਦੇ ਲੋਕਾਂ ਦਾ ਰਾਜਾ ਸੀ। ਉਸਦਾ ਵਿਦੇਸ਼ ਮੰਤਰੀ ਮੁਸਲਮਾਨ, ਮੁੱਖ ਸੈਨਾਪਤੀ ਮੋਹਕਮ ਚੰਦ ਹਿੰਦੂ ਅਤੇ ਤੋਪਖਾਨੇ ਦਾ ਮੁੱਖੀ ਇਕ ਇਸਾਈ ਸੀ। ਮਹਾਰਾਜੇ ਨੇ ਪੰਜਾਬ ਦੀ ਹਵਾ ਵਿਚ ਧਰਮ ਦੀ ਕੱਟੜਤਾ ਨਹੀਂ ਫੈਲਣ ਦਿੱਤੀ ਅਤੇ ਨਾ ਹੀ ਆਪ ਸੰਕਰੀਨਤਾ ਵਾਲੀ ਸੋਚ ਧਾਰਨ ਕੀਤੀ ਇਸ ਕਰਕੇ ਉਸਦੇ ਰਾਜ ਵਿਚ ਇਕ ਵੀ ਸੰਪ੍ਰਦਾਇਕ ਵਿਵਾਦ ਨਹੀਂ ਹੋਇਆ। ਸਾਰੇ ਧਰਮਾਂ ਦੇ ਲੋਕ ਉਸਨੂੰ ਆਪਣਾ ਰਾਜਾ ਸਮਝਦੇ ਸਨ, ਉਸਦਾ ਰਾਜ ਸਹੀ ਅਰਥਾਂ ਵਿਚ ਪੰਜਾਬੀਆਂ ਦਾ ਰਾਜ ਸੀ।

ਦਸ ਸਾਲ ਦੀ ਉਮਰ ਵਿਚ ਪਿਤਾ ਮਹਾਂ ਸਿੰਘ ਦੇ ਜਾਣ ਤੋਂ ਬਾਅਦ ਰਣਜੀਤ ਸਿੰਘ ਸ਼ੁੱਕਰਚੱਕੀਆ ਮਿਸਲ ਦਾ ਮੁਖੀ ਬਣ ਗਿਆ। 1790 ਈ: ਦੇ ਨਕਸ਼ੇ ਨੂੰ ਅਸੀਂ ਦੇਖੀਏ ਤਾਂ ਪਤਾ ਚਲਦਾ ਹੈ ਕਿ ਸਤਲੁਜ ਤੋਂ ਲੈ ਕੇ ਸਿੰਧ ਦਰਿਆ ਤੱਕ 12 ਮਿਸਲਾਂ ਅਤੇ ਹੋਰ ਛੋਟੇ-ਵੱਡੇ ਰਾਜਿਆਂ ਦਾ ਕਬਜਾ ਸੀ। ਕੋਈ ਵੀ ਬਾਹਰੀ ਹਮਲਾਵਰ ਪੰਜਾਬ ਨੂੰ ਅਸਾਨੀ ਨਾਲ ਜਿੱਤ ਸਕਦਾ ਸੀ। ਇਹ ਜਿੱਤ ਦਾ ਸਿਹਰਾ ਆਪਣੇ ਸਿਰ ਤੇ ਬੰਨ੍ਹਣ ਲਈ ਚਾਰੇ ਪਾਸਿਆਂ ਤੋਂ ਵੱਖਰੇ-ਵੱਖਰੇ ਸ਼ਾਸਕ ਪੰਜਾਬ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੇ ਸਨ ਜਿਸ ਬਾਰੇ ਖੁਸ਼ਵੰਤ ਸਿੰਘ ਆਪਣੀ ਕਿਤਾਬ- ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਵਿਚ ਲਿਖਦਾ ਹੈ-"1790 ਦੇ ਦਹਾਕੇ ਵਿਚ ਪੰਜਾਬ ਇਕ ਗੁੰਝਲਦਾਰ ਚਿੱਤਰ ਦੇ ਵਾਂਗ ਦਿਖਾਈ ਦਿੰਦਾ ਸੀ, ਜੋ ਚੌਂਦਾ ਟੋਟਿਆਂ ਤੇ ਅਧਾਰਿਤ ਸੀ ਤੇ ਜਿਸ ਵਿਚ ਸਾਰੇ ਪਾਸਿਆਂ ਤੋਂ ਪੰਜ ਤੀਰ ਧੱਸੇ ਹੋਏ ਸਨ। ਇਨ੍ਹਾਂ ਵਿਚੋਂ ਇਕ ਲਾਹੌਰ ਦੇ ਗੁਆਂਢ ਵਿਚ ਪਠਾਨਾਂ ਅਧੀਨ ਕਸੂਰ ਤੇ ਦੂਸਰਾ ਦੱਖਣ ਪੂਰਬ ਵਿਚ ਹਾਂਸੀ ਜੋ ਇਕ ਤਿਕੜਮਬਾਜ ਤੇ ਸਾਹਸੀ ਅੰਗਰੇਜ਼ ਜਾਰਜ ਥਾਮਸ ਦੇ ਅਧੀਨ ਸੀ। ਪੰਜ ਤੀਰ ਇਹ ਸਨ- ਉੱਤਰ-ਪੱਛਮ ਵਿਚ ਅਫਗਾਨ, ਉੱਤਰ ਵਿਚ ਕਾਂਗੜੇ ਦੇ ਰਾਜਪੂਤ, ਉੱਤਰ-ਪੂਰਬ ਵਿਚ ਗੋਰਖੇ, ਪੂਰਬ ਵਿਚ ਅੰਗਰੇਜ਼ ਤੇ ਦੱਖਣ-ਪੂਰਬ ਵਿਚ ਮਰਾਠੇ"[2] ਸਿੱਖ ਮਿਸਲਾਂ ਦੀਆਂ ਆਪਸੀ ਲੜਾਈਆਂ ਨੇ ਲੋਕਾਂ ਵਿਚ ਸਿੱਖਾਂ ਦੀ ਇਕ ਮੁੱਠਤਾ ਦਾ ਭਰਮ ਖਤਮ ਕਰ ਦਿੱਤਾ ਸੀ। ਰਣਜੀਤ ਸਿੰਘ ਨੇ 7 ਜੁਲਾਈ 1799 ਈ, ਨੂੰ ਤਿੰਨ ਭੰਗੀ ਸਰਦਾਰਾਂ (ਚੇਤ ਸਿੰਘ, ਸਰਦਾਰ ਸਿੰਘ ਤੇ ਮੋਹਰ ਸਿੰਘ) ਨੂੰ ਹਰਾ ਕੇ ਲਾਹੌਰ ਉੱਤੇ ਅਧਿਕਾਰ ਕਰ ਲਿਆ। ਇਸ ਤੋਂ ਬਾਅਦ ਰਾਜ ਨੂੰ ਸਾਮਰਾਜ

ਵਿਚ ਬਦਲਣ ਦਾ ਸਿਲਸਲਾ ਸ਼ੁਰੂ ਹੋਇਆ। ਇਕ ਤੋਂ ਬਾਅਦ ਦੂਜੀ ਜਿੱਤ ਨੇ ਉਸਦੇ ਕਦਮ ਚੁੰਮੇ। ਮਹਾਰਾਜੇ ਨੇ ਸਤਲੁਜ ਦਰਿਆ ਤੋਂ ਲੈ ਕੇ ਸਿੰਧ ਦਰਿਆ ਤੱਕ ਅਨੇਕਾ ਵੱਡੀਆਂ ਛੋਟੀਆਂ ਰਿਆਸਤਾਂ ਨੂੰ ਤਿੰਨ ਦਹਾਕਿਆਂ ਵਿੱਚ ਇਕ ਮਾਲਾ ਵਿੱਚ ਪਰੋ ਦਿੱਤਾ। ਕਈ ਇਲਾਕੇ ਜਿੱਤ ਕੇ ਉਨ੍ਹਾਂ ਸ਼ਾਸ਼ਕਾਂ ਨੂੰ ਵਾਪਸ ਕਰ ਦਿੱਤੇ। ਜੇ ਕਦੀ ਉਸਨੇ ਫੇਰ ਬਗਾਵਤ ਕੀਤੀ ਤਾਂ ਫਿਰ ਜਿੱਤ ਕੇ ਬਗਾਵਤ ਦਾ ਕਾਰਨ ਪੁਛਿਆ, ਜੇ ਉਸ ਮੁਆਫੀ ਮੰਗੀ ਤਾਂ ਉਸ ਤੋਂ ਮੁਹਿੰਮ ਦਾ ਖਰਚ ਲੈ ਇਲਾਕਾ ਵਾਪਸ ਕਰ ਦਿੱਤਾ। ਇਸ ਤਰ੍ਹਾਂ ਦੀ ਦਰਿਆ ਦਿਲੀ ਮਹਾਰਾਜੇ ਨੇ ਕਈਆਂ ਸ਼ਾਸ਼ਕਾਂ ਨਾਲ ਦਿਖਾਈ।ਸਰ ਹੈਨਰੀ ਲਾਰੰਸ ਲਿਖਦਾ ਹੈ-ਦਿੱਲੀ ਤੇ ਕਾਬਲ ਵਿੱਚ ਪਰਾਜਿਤ ਖਾਨਦਾਨਾ ਦੇ ਕਈ ਆਦਮੀ ਬੜੀ ਗਰੀਬੀ ਦੀ ਹਾਲਤ ਵਿੱਚ ਦੇਖੇ ਜਾ ਸਕਦੇ ਹਨ।ਪ੍ਰੰਤੂ ਪੰਜਾਬ ਵਿੱਚ ਇੱਕ ਵੀ ਐਸਾ ਬੰਦਾ ਨਹੀ ਮਿਲੇਗਾ ਜਿਸ ਦਾ ਇਲਾਕਾ ਮਹਾਰਾਜੇ ਨੇ ਜਿਤਿਆ ਹੋਵੇ ਤੇ ਉਸ ਦੇ ਗੁਜ਼ਾਰੇ ਦਾ ਪ੍ਰਬੰਧ ਨਾ ਕੀਤਾ ਹੋਵੇ। ਕੇਵਲ ਸਿੱਖ ਘਰਾਣਿਆ ਨੂੰ ਹੀ ਨਹੀ ਬਲਕਿ ਹੋਰ ਧਰਮਾਂ ਦੇ ਐਸੇ ਲੋਕਾਂ ਨੂੰ ਵੀ ਉਸ ਨੇ ਬਰਾਬਰ ਦੀ ਖੁਲ੍ਹ-ਦਿਲੀ ਨਾਲ ਗੁਜ਼ਾਰਾ ਦਿੱਤਾ ਹੋਇਆ ਸੀ[3]।

ਰਣਜੀਤ ਸਿੰਘ ਨੇ ਆਪਣੇ ਕੋਲ ਆਏ ਯੂਰਪੀਅਨ ਲੋਕਾਂ ਨੂੰ ਵੀ ਪੂਰਾ ਮਾਣ ਸਨਮਾਣ ਦਿੱਤਾ। ਉਹ ਮਹਾਰਾਜੇ ਦੀ ਫੌਜ ਵਿਚ ਨੌਕਰੀ ਕਰਨਾ ਆਪਣਾ ਸੁਭਾਗ ਸਮਝਦੇ ਸਨ।

ਮਿਸਟਰ ਐਲਾਰਡ ਜੋ ਫਰਾਂਸੀਸੀ ਸੀ।ਮਹਾਰਾਜੇ ਨੇ ਉਸਨੂੰ ਸੈਨਾ ਦਲ ਦੇ ਸਰਦਾਰ ਦੀ ਉਪਾਧੀ ਦਿੱਤੀ ਸੀ ।ਜਦੋਂ ਇਹ ਫਰਾਂਸ ਗਿਆ ਤਾਂ ਬਾਦਸ਼ਾਹ ਲੁਈ ਫਿਲਿਪ ਨੂੰ ਰਣਜੀਤ ਸਿੰਘ ਦੇ ਦਿਆਲੂ ਬਹਾਦਰ ਅਤੇ ਜਗਿਆਸੂ ਸੁਭਾਅ ਬਾਰੇ ਦੱਸਿਆ ਫਿਲਿਪ ਨੇ ਰਣਜੀਤ ਸਿੰਘ ਦੇ ਰਾਜਨੀਤਿਕ ਗੁਣਾਂ ਤੋਂ ਪ੍ਰਭਾਵਤਿ ਹੋ ਕੇ ਲਿਖਿਆ ਸੀ।'ਭਾਂਵੇ ਦੂਰੀਆ ਤੇ ਸਮੁੰਦਰ ਪੰਜਾਬ ਦੇ ਰਾਜ ਨੂੰ ਨਿਖੇੜਦੇ ਹਨ ਪਰ ਪਿਆਰ ਨੂੰ ਕੋਈ ਰੋਕ ਨਹੀ ਜੋ ਸਾਡੇ ਦਿਲਾਂ ਨੂੰ ਜੋੜਦਾ ਹੈ[4]। ਐਲਾਰਡ ਨੇ ਇਥੋਂ ਤੱਕ ਕਿਹਾ ਜਦੋਂ ਮੇਰੀ ਮੌਤ ਹੋਵੇ ਮੇਰੀ ਕਬਰ ਲਾਹੌਰ ਵਿੱਚ ਬਣੇ। ਮੇਰੀਆ ਹੱਡੀਆਂ ਨੂੰ ਅਨਾਰਕਲੀ ਦੇ ਬਜਾਰ ਵਿੱਚ ਦਫਨਾਇਆ ਜਾਵੇ।ਜਨਵਰੀ 1839 ਈ. ਵਿਚ ਮੌਤ ਹੋਣ ਤੇ ਉਸਦੀ ਇਹ ਮੰਗ ਪੂਰੀ ਕੀਤੀ ਗਈ। ਤਿੰਨ ਦਹਾਕਿਆਂ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਪੰਜਾਬੀਆ ਦਾ ਏਸ਼ੀਆ ਵਿੱਚ ਸਭ ਤੋਂ ਵੱਡਾ ਸਾਮਰਾਜ ਸਥਾਪਿਤ ਕਰ ਦਿੱਤਾ।ਮਹਾਰਾਜੇ ਦੀ ਦਿਆਲਤਾ ਬਾਰੇ ਫਰਾਂਸੀਸੀ ਬਨਸਪਤੀ ਵਿਗਿਆਨੀ ਵਿਕਟਰ ਜੇਕਮਾਂ ਜੋ ਲਾਹੌਰ 7 ਮਹੀਨੇ ਮਹਾਰਾਜੇ ਦਾ ਮਹਿਮਾਨ ਬਣ ਠਹਿਰਿਆ। ਆਪਣੀ ਕਿਤਾਬ 'ਭਾਰਤ ਵਿਚ ਸਫ਼ਰ' ਵਿਚ ਲਿਖਦਾ ਹੈ-

ਰਣਜੀਤ ਸਿੰਘ ਦੀ ਦਿਆਲਤਾ ਜੋ ਇਸ ਤੱਥ ਤੋਂ ਪ੍ਰਮਾਣਤ ਹੁੰਦੀ ਹੈ ਕਿ ਭਾਂਵੇ ਉਹ ਨਿਰੰਕੁਸ਼ ਹਾਕਮ ਸੀ ਪਰ ਉਹ ਇਸ ਪੱਖੋਂ ਅਦੁੱਤੀ ਸੀ ਕਿ ਉਸਨੇ ਇਤਨਾ ਵੱਡਾ ਸਾਮਰਾਜ ਬਹੁਤ ਘੱਟ ਲਹੂ ਵਹਾ ਕੇ ਕਾਇਮ ਕਰ ਲਿਆ ਸੀ ਤੇ ਧਾਰਮਕ ਅਸਹਿਣਸ਼ੀਲਤਾ ਦੀ ਪਰੰਪਰਾ ਵਾਲੇ ਮੁਲਕ ਵਿਚ ਉਸਨੇ ਆਪਣੀ ਪਰਜਾ ਦੀ ਵਫਾਦਾਰੀ ਪ੍ਰਾਪਤ ਕੀਤੀ ਸੀ। ਜਿਹਨਾਂ ਦੇ ਧਾਰਮਿਕ ਅਕੀਦੇ ਉਸਦੇ ਧਾਰਮਿਕ ਜੀਵਨ ਤੋਂ ਉਲਟ ਸਨ[5]। 17 ਅਗਸਤ 1835 ਦੀ ਰਾਤ ਨੂੰ ਰਣਜੀਤ ਸਿੰਘ ਨੂੰ ਹਲਕਾ ਜਿਹਾ ਦੌਰਾ ਪਿਆ ਇਸ ਤੋਂ ਬਾਅਦ ਸਿਹਤ ਦਿਨੋਂ ਦਿਨ ਵਿਗੜਦੀ ਗਈ ਅੰਤ 27 ਜੂਨ 1839 ਈ. ਨੂੰ ਇਹ ਪੰਜਾਬੀਆਂ ਦਾ ਸੂਰਜ 58 ਸਾਲ,7 ਮਹੀਨੇ, 26 ਦਿਨ ਦੀ ਜਿੰਦਗੀ ਮਾਣ ਕੇ ਸਦਾ ਲਈ ਅਸਤ ਹੋ ਗਿਆ।ਲਾਹੌਰ ਅਖ਼ਬਾਰ ਵਿੱਚ ਇਸ ਦੁਖਦਾਈ ਦ੍ਰਿਸ਼ ਦਾ ਇਉਂ ਵਰਣਨ ਕੀਤਾ ਗਿਆ:

"ਜਦੋਂ ਮਹਾਰਾਜੇ ਦੀ ਮੌਤ ਦਾ ਪਤਾ ਲੱਗਾ ਤਾਂ ਰਾਣੀਆਂ,ਕੰਵਰ ਖੜਕ ਸਿੰਘ, ਰਾਜਾ ਧਿਆਨ ਸਿੰਘ, ਜਮਾਦਾਰ ਖੁਸ਼ਹਾਲ ਸਿੰਘ ਤੇ ਦੂਸਰੇ ਸਰਦਾਰ ਭੁੱਬਾਂ ਮਾਰ ਕੇ ਰੋਏ,ਵਾਲ ਖੋਹੇ,ਸਿਰ ਵਿੱਚ ਮਿੱਟੀ ਪਾਈ,ਧਰਤੀ ਤੇ ਅਪਣੇ ਆਪ ਨੂੰ ਪਟਕਾ ਪਟਕਾ ਮਾਰਿਆ ਤੇ ਅਪਣੇ ਸਿਰ ਇੱਟਾਂ ਪੱਥਰਾਂ ਨਾਲ ਮਾਰੇ। ਰਾਤ ਭਰ ਲਾਸ਼ ਕੋਲ ਇਹੋ ਕੁਛ ਹੁੰਦਾ ਰਿਹਾ। ਕਦੇ ਕਦੇ ਲੋਥ ਵਲ ਵੇਖਦਿਆਂ ਉਨ੍ਹਾਂ ਦੇ ਰੋਣ ਦੀਆਂ ਅਵਾਜ਼ਾਂ ਹੋਰ ਉਚੀਆਂ ਹੋ ਜਾਂਦੀਆਂ"।[6]

ਸ਼ਾਹ ਮੁਹਮੰਦ ਅਪਣੇ ਜੰਗ ਨਾਮੇ ਸਿੰਘਾਂ ਤੇ ਫਿਰੰਗੀਆਂ ਵਿੱਚ ਸ਼ੇਰੇ ਪੰਜਾਬ ਬਾਰੇ ਲ਼ਿਖਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ ਜੋਰ ਦੇ, ਮੁਲਖ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ,ਚੰਬਾ
ਜੰਮੂ, ਕਾਂਗੜਾ ਕੋਟ,ਨਿਵਾਇ ਗਿਆ।
ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਹੱਛਾ ਰੱਜ ਕੇ ਕਮਾਇ ਗਿਆ

**ਟਿਪਣੀਆਂ ਹਵਾਲੇ**


1.ਰਣਜੀਤ ਸਿੰਘ;ਅਸਲੀ ਰੂਪ,ਫ਼ਕੀਰ ਵਹੀਉਦੀਨ (ਪੰਨਾ-12)

2.ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ,ਖੁਸ਼ਵੰਤ ਸਿੰਘ (ਪੰਨਾ-11)

3. ਰਣਜੀਤ ਸਿੰਘ;ਅਸਲੀ ਰੂਪ,ਫ਼ਕੀਰ ਵਹੀਉਦੀਨ (ਪੰਨਾ-139)

4.ਸੋਹਣ ਲਾਲ ਜਿਲਦ-2 (ਪੰਨਾ43)

5.Travel in India, Captain Liopold(1845)

6. ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ,ਖੁਸ਼ਵੰਤ ਸਿੰਘ (ਪੰਨਾ -243)

# ਬਹਿ ਕੇ ਤੱਤੀ ਲੋਹ ਤੇ

-ਸ.ਕਰਤਾਰ ਸਿੰਘ ਬਲੱਗਣ

ਸੂਰਜ ਤਪ ਤਪ ਕੇ ਹੋ ਗਿਆ ਲੋਹੇ ਲਾਖਾ,
ਲੋਹਾਂ ਤੱਪ ਤੱਪ ਕੇ ਸੂਰਜ ਸਮਾਨ ਹੋਈਆਂ।
ਪਾਣੀ ਉਬਲ ਕੇ ਅੱਗ ਦਾ ਰੂਪ ਬਣਿਆ,
ਪੰਘਰ ਪੰਘਰ ਕੇ ਅੱਗਾਂ ਪਾਣੀ ਆਨ ਹੋਈਆਂ।

ਤੱਕੀ ਭਾਨੀ ਦੇ ਚੰਨ ਦੀ ਚਾਨਣੀ ਜਾਂ,
ਦਿਨੇ ਅਰਸ਼ ਉੱਤੋਂ ਤਾਰੇ ਝੜਨ ਲੱਗੇ।
ਜੱਗ ਦੀ ਜੋਤ ਨੂੰ ਸਮਝ ਕੇ ਜੋਤ ਜਗਦੀ,
ਭੰਬਟ ਹਾਕਰਾਂ ਮਾਰ ਕੇ ਸੜਨ ਲੱਗੇ।

ਖੇੜਾ ਫੁੱਲਾਂ ਦਾ ਵੇਖ ਕੇ ਮੁਖੜੇ ਤੇ,
ਭੌਰੇ ਆਣ ਪਰਦੱਖਣਾ ਕਰਨ ਲੱਗੇ।
ਸਾਹਵੇਂ ਵੇਖ ਗੰਭੀਰਤਾ ਸਾਗਰਾਂ ਦੀ,
ਲੱਖਾਂ ਬੁਲਬੁਲੇ ਪਿੰਡੇ ਤਰਨ ਲੱਗੇ।

ਸੜਦੀ ਰੇਤਾ ਦਾ ਪਾ ਕੇ ਮੀਂਹ ਜ਼ਾਲਮ,
ਸ਼ਾਂਤ ਰੂਪ ਦੀ ਠੰਡ ਅਜ਼ਮਾਉਣ ਲੱਗਾ।
ਮੀਆਂ ਮੀਰ ਦੇ ਠੰਡਿਆਂ ਹੌਕਿਆਂ 'ਚੋਂ,
ਤੱਤੀ ਲੋ ਵਰਗਾ ਸੇਕ ਆਉਣ ਲੱਗਾ।

ਬੇੜਾ ਧਰਮ ਦਾ ਵੇਖ ਅਡੋਲ ਤਰਦਾ,
ਚਿੱਤ ਭਾਬੜਾਂ ਦਾ ਰੇਲ ਘੇਲ ਹੋਇਆ।
ਸਾੜਨ ਵਾਸਤੇ ਸਿਦਕ ਦਾ ਖਰਾ ਸੋਨਾ,
ਵੇਖੋ ਅੱਗ ਤੇ ਪਾਣੀ ਦਾ ਮੇਲ ਹੋਇਆ।

ਪਾਣੀ 'ਵਾ', ਅਗਨੀ ਤਿੰਨੇ ਹੋਏ ਕੱਠੇ,
ਛਿੱਥਾ ਸਾਰਿਆਂ ਦਾ ਪੈਂਦਾ ਚਿੱਤ ਜਾਏ।
ਪੰਜਾਂ ਤੱਤਾਂ ਨੇ ਰਲ ਕੇ ਸਲਾਹ ਕੀਤੀ,
"ਕਿਤੇ ਇਸ਼ਕ ਨਿਮਾਣਾ ਨਾ ਜਿੱਤ ਜਾਏ।"

ਜਦੋਂ ਸੱਚ ਕੁਠਲੀ 'ਚ ਪਿਆ ਡਿੱਠਾ,
ਚਾਲਾਂ ਵੇਖੀਆਂ ਜਦੋਂ ਤਕਦੀਰ ਦੀਆਂ।
ਗਿਆ ਚੰਦੂ ਦੀ ਨੂੰਹ ਦਾ ਪਾਟ ਹਿਰਦਾ,
ਭੁੱਬਾਂ ਨਿਕਲ ਗਈਆਂ ਮੀਆਂ ਮੀਰ ਦੀਆਂ।

ਹੌਕਾ ਹਸ਼ਰ ਜਿੱਡਾ ਭਰਕੇ ਕਿਹਾ ਸਾਈਂ,
"ਤੇਰੇ ਸਬਰ ਦੀ ਮੁੱਕੀ ਅਭਿਲਾਖਿਆ ਨਹੀਂ।
ਜਿਵੇਂ ਸਿਦਕ ਨੂੰ ਚਿਖਾ ਤੇ ਚਾੜ੍ਹਿਆ ਈ,
ਏਦਾਂ ਸੋਨਾ ਵੀ ਕਿਸੇ ਸੁਲਾਖਿਆ ਨਹੀਂ।"

ਸੀਨੇ ਛੇਕ ਪਵਾ ਕੇ ਤੋੜ ਦੁੱਸਰ,
ਪਿਆ ਮੋਤੀਆਂ ਵਾਲਿਆਂ ਹੱਸਨਾਂ ਏਂ।
ਏਦਾਂ ਜ਼ੁਲਮ ਦੇ ਨਾਲ ਨਹੀਂ ਜੰਗ ਹੋਣੀ,
ਕਿਹੜੇ ਜੱਗ ਤੇ ਸਾਧੂਆ ਵੱਸਨਾਂ ਏਂ।

ਤੂੰ ਤੇ ਤੱਤੀਆਂ ਰੇਤਾਂ ਦੇ ਵਿਚ ਬਹਿ ਕੇ,
ਨਵੇਂ ਸਬਰ ਦੇ ਪੈਂਤੜੇ ਪਾਈ ਜਾਨੈਂ।
ਪਰ ਇਹ ਪਤਾ ਨਹੀਓਂ ਬਣਿਆ ਰੇਤ ਉਤੇ,
ਤੂੰ ਮਜ਼ਲੂਮ ਦਾ ਹੌਂਸਲਾ ਢਾਈ ਜਾਨੈਂ।

ਤੇਰੇ ਇਸ਼ਕ ਦਾ ਜੋਬਨ ਏ ਸਿਖਰ ਉਤੇ,
ਛਾਵਾਂ ਇਹਦੀਆਂ ਤੇ ਕਦੇ ਭੌਣੀਆਂ ਨਹੀਂ।
ਜੇ ਮਜ਼ਲੂਮ ਦੀ ਅਣਖ ਹੋ ਗਈ ਬੁੱਢੀ,
ਉਸ ਤੇ ਕਦੇ ਜਵਾਨੀਆਂ ਔਣੀਆਂ ਨਹੀਂ।

ਜਿਵੇਂ ਸਬਰ ਦਾ ਬੁਰਜ ਉਸਾਰਿਆ ਈ,
ਏਦਾਂ ਜੱਗ ਤੇ ਕਿਸੇ ਉਸਾਰਨਾ ਨਹੀਂ।
ਐਪਰ ਢਾਰਾ ਮਜ਼ਲੂਮ ਦਾ ਢਹਿ ਗਿਆ ਜੇ,
ਦੇ ਕੇ ਥੰਮੀਆਂ ਕਿਸੇ ਖਲ੍ਹਾਰਨਾ ਨਹੀਂ।

ਤੇਰੀ ਆਤਮਾ ਅਤੇ ਪਰਮਾਤਮਾ ਵਿਚ ,
ਇਹ ਮੈਂ ਜਾਣਨਾਂ ਭਿੰਨ ਤੇ ਭੇਤ ਕੋਈ ਨਹੀਂ।
ਤੈਨੂੰ ਠੰਢ ਹਿਮਾਲਾ ਦੀ ਠਾਰਦੀ ਨਹੀਂ,
ਤੈਨੂੰ ਸੇਕ ਦੇਂਦੀ ਤੱਤੀ ਰੇਤ ਕੋਈ ਨਹੀਂ।

ਐਪਰ ਵੇਖ ਕੇ ਸੱਚ ਤੇ ਬਲੇ ਭਾਂਬੜ,
ਸੱਚਾ ਬਣਨ ਦੀ ਕਰੇਗਾ ਚਾਹ ਕਿਹੜਾ।
ਤੇਰੇ ਪੰਧ ਦੇ ਵੇਖ ਕੇ ਕੰਡਿਆਂ ਨੂੰ,
ਤੇਰੀ ਮੰਜ਼ਲ ਦਾ ਪੁੱਛੇਗਾ ਰਾਹ ਕਿਹੜਾ।

ਸੰਗਲ ਪਾ ਨਾ ਮੇਰਿਆਂ ਹੌਕਿਆਂ ਨੂੰ,
ਲਾਹ ਲੈਣ ਦੇ ਆਪਣਾ ਸ਼ੱਕ ਮੈਨੂੰ।
ਸ਼ਾਹ ਹੋਣ ਦੇ ਜ਼ੁਲਮ ਦੇ ਬੋਹਲ ਸੜ ਕੇ,
ਵਰਤਣ ਦੇ ਤਕਦੀਰ, ਨਾ ਡੱਕ ਮੈਨੂੰ।

ਅਗੋਂ ਹੱਸ ਕੇ ਫੁੱਲ ਅੱਧ-ਖਿੜੇ ਵਾਂਗੂੰ,
ਕੋਮਲ ਬੁੱਲੀਆਂ ਇਸ ਤਰ੍ਹਾਂ ਖੋਲ੍ਹੀਆਂ ਸੂ।
ਇਕੋ ਪਲਕ ਦੇ ਵਿਚ ਹਵਾ ਅੰਦਰ,
ਲੱਖਾਂ ਮਣਾਂ ਸੁਗੰਧੀਆਂ ਡੋਲ੍ਹੀਆਂ ਸੂ।

ਧੀਰਜ ਨਾਲ ਸਮਝਾ ਕੇ ਕਹਿਣ ਲੱਗਾ,
''ਬਹੁਤਾ ਸਾਂਈ ਜੀ ਇੰਜ ਘਬਰਾਈਦਾ ਨਹੀਂ।
ਮਰਜ਼ੀ ਯਾਰ ਦੀ ਵੇਖਣੀ ਚਾਹੀਦੀ ਏ,
ਉਹਦੀ ਖੁਸ਼ੀ ਤੋਂ ਉਲਟਿਆਂ ਜਾਈਦਾ ਨਹੀਂ।

ਜ਼ਾਲਮ ਕੌਣ ਤੇ ਕੌਣ ਮਜ਼ਲੂਮ ਏਥੇ,
ਆਪੀ ਮਾਰਦਾ ਏ, ਆਪੇ ਮਰ ਰਿਹਾ ਏ।
ਖੇਡਾਂ ਖੇਡਦਾ ਪਿਆ ਖਿਡਾਰ ਸੋਹਣਾ,
ਕਾਲਾ ਮੂੰਹ ਪਰ ਪਾਪੀ ਦਾ ਕਰ ਰਿਹਾ ਏ।

ਕਿੱਦਾਂ ਦਿਆਂ ਉਲਾਹਮਾਂ ਤੇ ਦਿਆਂ ਕਿਹਨੂੰ,
ਹਰ ਇਕ ਜੁੱਸੇ ਵਿਚ ਉਹਦਾ ਜ਼ਹੂਰ ਵਿਹਨਾਂ।
ਸੜਦੀ ਰੇਤ ਤੇ ਚਮਕਦੇ ਜ਼ੱਰਿਆਂ 'ਚ,
ਓਸੇ ਸੱਜਣ ਪਿਆਰੇ ਦਾ ਨੂਰ ਵਿਹਨਾਂ।

ਭਾਂਡੇ ਵੰਨ-ਸੁਵੰਨੜੇ ਘੜੇ ਉਸ ਨੇ,
ਵੱਖੋ ਵੱਖਰੀ ਸ਼ਕਲ ਹਜ਼ਾਰ ਦੀ ਏ।
ਕੱਦ ਬੁਤ ਮੁਹਾਂਦਰੇ ਅੱਡਰੇ ਨੇ,
ਕਾਰੀਗਰੀ ਪਰ ਇਕੋ ਘੁਮਿਆਰ ਦੀ ਏ।

ਭਾਂਤ ਭਾਂਤ ਦੇ ਵੇਖਦੈ ਬਲੇ ਦੀਵੇ,
ਭੰਬਟ ਸਾਰਿਆਂ 'ਚੋਂ ਇਕੋ ਲੋ ਵੇਂਹਦੈ।
ਰੰਗਾ ਰੰਗ ਦੇ ਫੁਲ ਨੇ ਟਹਿਣੀਆਂ ਤੇ,
ਭੌਰਾ ਸਭਨਾਂ 'ਚੋਂ ਇਕ ਖੁਸ਼ਬੋ ਵੇਂਹਦੈ।

ਲਗ ਕੇ ਝੱਖੜਾਂ ਦੇ ਆਖੇ ਲੜਨ ਛੱਲਾਂ ,
ਝੱਗੋ ਝੱਗ ਹੋਣੋਂ ਸ਼ਰਮਾਦੀਆਂ ਨਹੀਂ।
ਘੜੀ ਬਾਦ ਪਰ ਪਾਣੀ ਦਾ ਰੂਪ ਹੋ ਕੇ,
ਆਪੋ ਵਿਚ ਸਿੰਞਾਣੀਆਂ ਜਾਦੀਆਂ ਨਹੀਂ।

ਜਿਹੜੀ ਟਹਿਣੀ ਤੇ ਉਗਦੇ ਫੁੱਲ ਨਾਜ਼ਕ,
ਤਿਖੇ ਕੰਡੇ ਵੀ ਓਸੇ ਨੂੰ ਲਗਦੇ ਨੇ।
ਕੋਝਾ ਜਾਣ ਕੇ ਕੰਡੇ ਨੂੰ ਤੋੜ ਵੇਖੋ,
ਛਮ ਛਮ ਟਹਿਣੀ ਦੇ ਅੱਥਰੂ ਵੱਗਦੇ ਨੇ।

ਲੱਖਾਂ ਲੂੰ ਸਰੀਰ ਚੋਂ ਫੁੱਟਦੇ ਨੇ;
ਵੱਖੋ ਵੱਖਰਾ ਹਰ ਕੋਈ ਸ਼ੁਮਾਰ ਹੁੰਦੈ ।
ਇਕ ਵਾਲ ਚਾ ਤੋੜੀਏ ਸਾਰਿਆਂ 'ਚੋਂ;
ਤਾਂ ਸਰੀਰ ਸਾਰਾ ਆਵਾਜਾਰ ਹੁੰਦੈ।

ਦਿਲ ਦਾ ਮਾਂਜ ਸ਼ੀਸ਼ਾ ਜਿਸ ਨੇ ਸਾਫ ਕੀਤਾ;
ਪੜਦਾ ਦੂਈ ਵਾਲਾ ਜਿਸ ਨੇ ਪਾੜ ਲੀਤੈ;
ਉਸ ਨੇ ਪਸ਼ੂ ਪੰਛੀ ਦੇ ਕਲਬੂਤ ਵਿਚ ਵੀ;
ਵੱਸਦੇ ਹੋਏ ਹਰਜਾਈ ਨੂੰ ਤਾੜ ਲੀਤੈ।

ਦਿਸ ਪਈ ਜੋਤ ਉਹਦੀ ਜਿਸਨੂੰ ਸਾਰਿਆ' ਚੋਂ
ਉਹਦਾ ਕਿਸੇ ਦੇ ਨਾਲ ਵੀ ਵੈਰ ਕੋਈ ਨਹੀਂ।
ਜਿਸ ਨੇ ਆਪਣਾ ਆਪ ਪਛਾਣਿਆ ਏ;
ਉਹਦੇ ਵਾਸਤੇ ਜੱਗ ਤੇ ਗੈਰ ਕੋਈ ਨਹੀਂ।

ਪੜਦਾ ਪੈ ਗਿਆ ਜਿਨਾ ਦੀ ਆਤਮਾ ਤੇ,
ਸਰਬ ਸਾਂਝ ਜਹਾਨ ਦੀ ਜਾਣਦੇ ਨਹੀ।
ਉਹਨ੍ਹਾਂ ਲਈ ਪਰਦੇਸ ਹੈ ਚੁੱਲ੍ਹ ਪਿਛੇ,
ਕੋਲ ਬੈਠਿਆਂ ਯਾਰ ਪਛਾਣਦੇ ਨਹੀ।

ਸਾਈਆਂ ਕਿਸੇ ਮਾਰਨਾ ਕੀ ਮੈਨੂੰ,
ਲੰਘ ਗਿਆ ਹਾਂ ਮੌਤ ਦੀ ਹੱਦ ਵਿਚੋਂ।
ਮੈਂ ਤੇ ਜਿੰਦਗੀ ਦਾ ਭੇਤ ਪਾ ਲਿਆ ਏ,
ਏਸ ਮੌਤ ਮਰ ਜਾਣੀ ਦੀ ਗੱਦ ਵਿਚੋਂ।

ਜਿਹੜੀ ਸ਼ਾਂਤੀ ਵੇਖ ਕੇ ਆਖਨਾਂ ਏਂ,
ਜੇਰਾ ਏਸ ਮਜਲੂਮ ਦਾ ਲੱਸਣਾਂ ਏ।
ਏਸੇ ਸ਼ਾਤੀ ਰਾਹ ਅਜ਼ਾਦੀਆਂ ਦਾ,
ਵੇਖੀਂ ਲੱਖਾਂ ਗੁਲਾਮਾਂ ਨੂੰ ਦੱਸਣਾਂ ਏ।

ਜਿਹੜੀ ਉਬਲਦੀ ਦੇਗ ਤੂੰ ਆਖਨਾ ਏ,
ਇਸ ਉਤਸ਼ਾਹ ਗੁਲਾਮਾਂ ਦੇ ਮਾਰਨੇ ਨੇ?
ਦੁਨੀਆਂ ਵੇਖੇਗੀ, ਏਸੇ ਹੀ ਸਬਰ ਇਕ ਦਿਨ,
ਡੁੱਬੇ ਬੇੜੇ ਅਜ਼ਾਦੀ ਦੇ ਤਾਰਨੇ ਨੇ।

ਰੱਤ ਡੋਲ੍ਹ ਕੇ ਉਸ ਸ਼ਹੀਦ ਜਿਹੜੀ,
ਮੇਰੀ ਕੌਮ ਤਾਂਈ ਲਾਈਆਂ ਮਹਿੰਦੀਆਂ ਨੇ।
ਸਦੀਆਂ ਹੋਈਆਂ ਇਤਿਹਾਸ ਦੇ ਪੰਨਿਆਂ ਤੇ,
ਅਜੇ ਤੀਕ ਨਾ ਲਾਲੀਆਂ ਲਹਿੰਦੀਆਂ ਨੇ।

## He is our breath, our heartbeat, our love and our destiny
## HH Sri Satguru Jagjit Singh Ji
## First published 3/1/2013

It was a friend and a fellow Namdhari who asked me to narrate an incident that I witnessed about Satguru Ji. Strange as it might seem, my whole life seems to be only incidents with Him. And stranger is the fact that these incidents continue to happen even now. It seems and feels thus every moment.

For in Him we see our parents and our Lord and our life, He is our breath and heart beat, He is our Love and our Destiny, He is our Satguru, The Lord, Master, Friend and our motivation.

Tears n even more tears, they say you shouldn't cry, but then we had never experienced so much love ever before, He always said you walk a step towards Him and He would walk not just the mile but a lifetime with us, and guess what He has done more than that, He continues to walk even today. There is not a single moment that goes past without Him being in our thoughts, is it a bane or a boon? It's probably a boon that we Namdharis were lucky to be touched by God Himself and we can proudly say we have seen God, we have spoken to Him, He has spoken to us, He lives within us always and guides us to walk His path, the path of truth, the path of Satguru Jagjit Singh Ji

May His benevolence be always upon us, May we be true to Him and His ideals even more so now, may we ring true His words and may we represent Him within our communities, families, friends, business, professions and humanity. May we live Him a life time.

Let the tears stop but the memories flow, for the day they dry, we would be astray from His path, lets tread His path, with Him arm in hand.

Dhan Satguru Jagjit Singh Ji

Taranjit Singh Mumbai

# ਬਾਲ ਸੰਦੇਸ਼

## ਅਰਦਾਸ

**ਬਲਬੀਰ ਸਿੰਘ ਜੀ ਢਿੱਲੋਂ**

ਹੇ ਸਤਿਗੁਰ ਹੇ ਦੀਨ ਦਇਆਲ।
ਮੈਂ ਹਾਂ ਤੇਰਾ ਬੀਬਾ ਬਾਲ ।
ਬਖ਼ਸ਼ੋ ਪ੍ਰਭ ਜੀ ਹਿੰਮਤ ਗਿਆਨ।
ਪੜ੍ਹ ਲਿਖ ਕੇ ਮੈਂ ਬਣਾ ਮਹਾਨ।
ਮਾਤ ਪਿਤਾ ਦਾ ਆਗਿਆਕਾਰ।
ਬਣਾ ਕੌਮ ਦਾ ਸੇਵਾਦਾਰ।
ਮੰਦਾ ਕਰਮ ਨਾ ਕਰਾਂ ਕਦੇ ਵੀ।
ਸ਼ੁਭ ਕਰਮੋਂ ਨਾ ਡਰਾਂ ਕਦੇ ਵੀ।
ਰੋਜ਼ ਸਵੇਰੇ ਕਰ ਇਸ਼ਨਾਨ।
ਧਰਾਂ ਤੇਰੇ ਚਰਨਾਂ ਦਾ ਧਿਆਨ।
ਹੇ ਸਤਿਗੁਰ ਜੀ ਤੇਰੇ ਪਾਸ।
ਹੈ ਮੇਰੀ ਨਿਕੜੀ ਅਰਦਾਸ।

## ਲਿਖ ਕੇ ਵਖਾ ਦੇ ਊੜਾ”

**ਸੁਖਵਿੰਦਰ ਅੰਮ੍ਰਿਤ**

“ਖਾਣ ਨੂੰ ਤੈਨੂੰ ਖੀਰ ਦਊਂਗੀ
ਨਾਲ ਪਕਾ ਦਊਂ ਪੂੜਾ
ਬੈਠਣ ਨੂੰ ਤੈਨੂੰ ਕੁਰਸੀ ਦਊਂਗੀ
ਸੌਣ ਨੂੰ ਲਾਲ ਪੰਘੂੜਾ
ਲਾ ਕੇ ਤੇਲ ਤੇਰੇ ਵਾਹ ਦੂੰ ਬੋਦੇ
ਸਿਰ ਤੇ ਕਰ ਦਊਂ ਜੂੜਾ
ਜੇ ਮੇਰਾ ਪੁੱਤ ਬਣਨਾ
ਲਿਖ ਕੇ ਵਖਾ ਦੇ ਊੜਾ”

## ਸੱਚੀ ਨਿਮਾਜ਼

ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਹੱਟੀ ਕਰਦੇ ਸਨ । ਸਾਰੇ ਹਿੰਦੂ, ਮੁਸਲਮਾਨਾਂ ਨਾਲ ਮੇਲ ਰੱਖਦੇ ।ਸਾਰਿਆਂ ਨੂੰ ਪਿਆਰ ਕਰਦੇ ।ਇਕ ਦਿਨ ਉਥੋਂ ਦੇ ਨਵਾਬ ਨੇ ਕਿਹਾ :-ਨਾਨਕ ਤੂੰ ਸਾਰਿਆਂ ਵਿਚ ਰੱਬ ਜਾਣਦਾ ਹੈਂ ।ਤੂੰ ਸਾਡੇ ਨਾਲ ਨਿਮਾਜ਼ ਪੜ੍ਹ ।ਗੁਰੂ ਜੀ ਨੇ ਕਿਹਾ- ਬੜਾ ਚੰਗਾ ! ਮੈਂ ਨਿਮਾਜ਼ ਪੜਾਂਗਾ ਸਾਰੇ ਮਸੀਤ ਗਏ ।

ਅਗੇ ਮੌਲਵੀ ਖਲੋ ਗਿਆ । ਪਿਛੇ ਸਾਰੇ ਖਲੋ ਗਏ ।ਨਾਲ ਹੀ ਗੁਰੂ ਜੀ ਖਲੋ ਗਏ । ਨਿਮਾਜ਼ ਸ਼ੁਰੂ ਹੋਈ ਸਾਭਨੇ ਸਿਜਦੇ ਕੀਤੇ । ਗੁਰੂ ਜੀ ਖੜੇ ਰਹੇ ।ਮੁਲਾਂ ਗੁੱਸੇ ਵਿਚ ਆ ਗਿਆ । ਉਸ ਕਿਹਾ : ਤੂੰ ਨਿਮਾਜ਼ ਦੀ ਬੇ-ਇਜਤੀ ਕੀਤੀ ਹੈ ।ਤੂੰ ਮਸੀਤੇ ਆ ਕੇ ਨਮਾਜ਼ ਕਿਓ ਨਹੀਂ ਪੜ੍ਹੀ ।ਗੁਰੂ ਜੀ ਕਿਹਾ : ਮੈਂ ਨਿਮਾਜ਼ ਰਲ ਕੇ ਪੜ੍ਹਨੀ ਸੀ । ਇਕੱਲਾ ਨਿਮਾਜ਼ ਕਿਵੇਂ ਪੜ੍ਹਦਾ ।

ਸਾਰੇ ਹੈਰਾਨ ਹੋ ਗਏ । ਮੁੱਲਾਂ ਬੋਲਿਆ : ਮੈਂ ਨਿਮਾਜ਼ ਪੜ੍ਹੀ, ਨਵਾਬ ਸਾਹਿਬ ਨੇ ਨਿਮਾਜ਼ ਪੜ੍ਹੀ । ਤੂੰ ਇਹ ਕੁਫਰ ਕਿਉਂ ਬੋਲਿਆ ? ਗੁਰੂ ਜੀ ਨੇ ਕਿਹਾ : ਮੁੱਲਾਂ ਜੀ, ਮੈਂ ਠੀਕ ਆਖ ਰਿਹਾ ਹਾਂ । ਤੁਸੀਂ ਨਿਮਾਜ਼ ਨਹੀਂ ਪੜ੍ਹੀ । ਨਵਾਬ ਸਾਹਿਬ ਨਿਮਾਜ਼ ਨਹੀਂ ਪੜ੍ਹੀ।ਮੁਲਾਂ : ਕਿਵੇਂ ?

ਗੁਰੂ ਜੀ :- ਤੁਸੀਂ ਨਿਮਾਜ਼ ਵੇਲੇ ਘਰ ਸੂਣ ਵਾਲੀ ਘੋੜੀ ਸਾਂਭ ਰਹੇ ਸਉ ।ਘੋੜੀ ਦਾ ਬੱਚਾ ਪਿਛੇ ਟੋਏ ਵਿਚ ਨਾ ਜਾ ਪਵੇ ।

ਮੁਲਾਂ ਇਹ ਸੁਣ ਕੇ ਹੈਰਾਨ ਹੋ ਗਿਆ । 'ਮਨ' ਮੰਨ ਗਿਆ ਕਿ ਮੇਰਾ ਧਿਆਨ ਨਿਮਾਜ਼ ਵੇਲੇ ਸੂਣ ਵਾਲੀ ਘੋੜੀ ਵੱਲ ਚਲਾ ਗਿਆ ਸੀ ।ਨਵਾਬ : ਨਾਨਕ ! ਮੈਂ ਸਿਜਦੇ ਵਿਚ ਮੌਜੂਦ ਸਾਂ, ਤੂੰ ਮੇਰੇ ਨਾਲ ਨਮਾਜ਼ ਪੜ੍ਹਨੀ ਸੀ ।

ਗੁਰੂ ਜੀ :-ਨਵਾਬ ! ਸੱਚ ਸੁਣਨਾ ਬੜਾ ਔਖਾ ਹੈ। ਤੁਸੀ ਨਿਮਾਜ਼ ਵੇਲੇ ਕਾਬਲ ਵਿਚ ਘੋੜਿਆਂ ਦੀ ਪਰਖ ਕਰ ਰਹੇ ਸਉ ।ਨਵਾਬ ਮੰਨ ਗਿਆ, ਬੜਾ ਸ਼ਰਮਿੰਦਾ ਹੋਇਆ ਤੇ ਕਿ ਠੀਕ ਨਿਮਾਜ਼ ਵੇਲੇ ਮੇਰਾ ਮਨ ਕਾਬਲ ਵਿਚ ਘੋੜਾ ਪਰਖ ਰਿਹਾ ਸੀ ।

ਇਹ ਗੱਲਾਂ ਸੁਣ ਕੇ ਸਭ ਚੁੱਪ ਹੋ ਗਏ । ਕਿਸੇ ਨੂੰ ਹਿੰਮਤ ਨਾ ਪਈ ਜੋ ਕਹੇ ਕਿ ਨਾਨਕ ਤੂੰ ਨਿਮਾਜ਼ ਮੇਰੇ ਨਾਲ ਪੜ੍ਹਦੋਂ ।ਗੁਰੂ ਜੀ ਬਚਨ ਕੀਤਾ :-ਨਵਾਬ ਸਾਹਿਬ, ਨਿਮਾਜ਼ ਉਹ ਹੈ ਜਿਹੜੀ ਰੱਬ ਨੂੰ ਹਾਜ਼ਰ ਜਾਣ ਪੜ੍ਹੀ ਜਾਵੇ ।ਮਨ ਉਸਦੇ ਚਰਨਾਂ ਵਿਚ ਜੋੜਿਆ ਜਾਵੇ । ਨਿਮਾਜ਼ ਕੇਵਲ ਮਸੀਤੇ ਆ ਕੇ ਝੁਕਣਾ ਹੀ ਨਹੀਂ, ਸਗੋਂ ਮਨ ਨੂੰ ਉਸਦੇ ਚਰਨਾਂ ਵਿਚ ਝੁਕਾਣਾ ਹੈ ।ਇਹ ਸੁਣ ਕੇ ਸਾਰੇ ਅਦਬ ਨਾਲ ਗੁਰੂ ਜੀ ਦੇ ਚਰਨਾਂ ਵਿਚ ਝੁਕ ਗਏ ।

ਨਿਮਾਜ਼ ਨਹੀਂ, ਨਿਰ੍ਹਾ ਮਸੀਤੇ ਜਾਣਾ ।
ਨਿਮਾਜ਼ ਉਹੀ, ਚਿਤ ਚਰਨੀ ਲਾਣਾ ।

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

☞ ਪੰਥਕ ਗਤੀਵਿਧੀਆਂ ☞ ਖਬਰਨਾਮਾਂ

## ਸੰਤ ਜੋਰਾ ਸਿੰਘ ਜੀ ਹਿੰਮਤਪੁਰਾ ਨਮਿੱਤ ਭੋਗ ਅਤੇ ਸ਼ਰਧਾਂਜਲੀ ਸਮਾਗਮ

- **ਸੰਤ ਮਹਾਂਪੁਰਸ਼ਾਂ, ਧਾਰਮਿਕ ਸੰਸਥਾਵਾਂ, ਰਾਜਨੀਤਿਕ-ਧਾਰਮਿਕ ਵਕਤਿਆਂ ਵਲੋਂ ਸੰਤਾਂ ਨੂੰ ਸ਼ਰਧਾਂਜਲੀ**
- **ਹੱਲੇ ਦੇ ਦੀਵਾਨ, ਸਧਾਰਨ ਪਾਠਾਂ ਦੇ ਭੋਗ, ਸੰਤ ਜਸਵੰਤ ਸਿੰਘ ਜੀ ਦੀ ਸੱਚੇ ਪਾਤਸ਼ਾਹ ਜੀ ਵਲੋਂ ਦਸਤਾਰਬੰਦੀ**
- **ਵੱਖ-ਵੱਖ ਸੰਸਥਾਵਾਂ ਅਤੇ ਡੇਰਿਆਂ ਵਲੋਂ ਸੰਤਾਂ ਨੂੰ ਦਸਤਾਰਾਂ ਭੇਟ**

ਹਿੰਮਤਪੁਰਾ- ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਬਖਸ਼ਿਸ਼ਾ ਦੇ ਪਾਤਰ ਡੇਰਾ ਸੰਤ ਕਰਮ ਸਿੰਘ ਹਿੰਮਤਪੁਰਾ ਦੇ ਪ੍ਰਮੁੱਖ, ਮਹਾਨ ਤਪੱਸਵੀ, ਸੇਵਾ ਦੇ ਪੁੰਜ, ਤਿਆਗ ਦੀ ਮੂਰਤ, ਬਚਨਾਂ ਦੇ ਬਲੀ ਮਹੰਤ ਜੋਰਾ ਸਿੰਘ ਜੀ ਹਿੰਮਤਪੁਰਾ 24 ਜੇਠ 2075 ਬ੍ਰਿ: ਮੁਤਾਬਿਕ 6 ਜੂਨ 2018 ਈਸਵੀ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਲੀਨ ਹੋ ਗਏ।

ਮਹੰਤ ਜੋਰਾ ਸਿੰਘ ਜੀ ਦਾ ਜਨਮ ਹਿੰਮਤਪੁਰਾ (ਮੋਗਾ) ਵਿਖੇ 1941 ਈ. ਵਿਚ ਪਿਤਾ ਸ੍ਰ. ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਮਾਤਾ ਮੁਖਤਿਆਰ ਕੌਰ ਦੀ ਕੁੱਖੋਂ ਹੋਇਆ। ਮਹੰਤ ਗੁਰਮੁਖ ਸਿੰਘ (ਡੇਰਾ ਹਿੰਮਤਪੁਰਾ) ਵੱਲੋਂ ਕੰਨ ਵਿੱਚ ਭਜਨ ਦੇਣ ਨਾਲ ਆਪ ਦੁਨਿਆਵੀ ਰਸਾਂ ਦਾ ਤਿਆਗ ਕਰਕੇ ਨਾਮ ਬਾਣੀ ਦੇ ਰਸੀਏ ਬਣ ਗਏ ਅਤੇ ਸ੍ਰੀ ਭੈਣੀ ਸਾਹਿਬ ਤੋਂ ਗੁਰਬਾਣੀ ਦੀ ਸੰਥਿਆ ਲੈ ਕੇ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਦੇ ਪ੍ਰੀਤਵਾਨ ਸੰਤਾਂ ਦੇ ਰੂਪ ਵਿੱਚ ਪ੍ਰਤੱਖ ਹੋਣ ਲੱਗੇ। ਮਹੰਤ ਗੁਰਮੁਖ ਸਿੰਘ ਜੀ ਦੇ ਸਵਰਗਵਾਸ ਹੋਣ ਤੇ ਭੋਗ ਸਮਾਗਮ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਆਪ ਜੀ ਨੂੰ ਮਹੰਤੀ ਦੀ ਦਸਤਾਰ ਸਜਾਈ ਗਈ। ਸੰਤ ਜੀ ਨੇ ਡੇਰੇ ਦੀ ਜ਼ਿੰਮੇਵਾਰੀ ਸੰਭਾਲਦਿਆਂ ਸਭ ਤੋਂ ਪਹਿਲਾਂ ਆਪਣੀ ਜ਼ਮੀਨ ਜਾਇਦਾਦ ਡੇਰੇ ਦੇ ਨਾਂ ਕਰਵਾ ਕੇ ਆਪ ਤਿਆਗ ਦੀ ਮੂਰਤ ਦੇ ਰੂਪ ਵਿੱਚ ਪ੍ਰਤੱਖ ਹੋਣ ਲੱਗੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ 1992 ਈ. ਵਿੱਚ ਆਪ ਨੇ ਹਿੰਮਤਪੁਰਾ ਵਿਖੇ ਅਖੰਡ ਵਰਨੀ ਆਰੰਭ ਕੀਤੀ। ਡੇਰੇ ਦੀਆਂ ਇਮਾਰਤਾਂ ਦੀ ਉਸਾਰੀ, ਸਮਾਜ ਭਲਾਈ, ਖੇਡ ਟੂਰਨਾਮੈਂਟ, ਪਿੰਡ ਵਿੱਚ ਬਿਜਲੀ ਗਰਿੱਡ ਦੀ ਉਸਾਰੀ, ਪਿੰਡ ਖੋਟੇ ਵਿਖੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਅਰੰਭ ਕੀਤੇ ਅਨੰਦ ਕਾਰਜ ਵਾਲੇ ਸਥਾਨ ਦੀ ਸੇਵਾ ਸੰਭਾਲ, ਇਲਾਕੇ ਦੀਆਂ ਸੰਗਤਾਂ ਦੇ ਘਰ ਘਰ ਜਾ ਕੇ ਨਾਮ ਬਾਣੀ ਦਾ ਪ੍ਰਚਾਰ ਪ੍ਰਸਾਰ ਕੀਤਾ। 1999 ਦਾ ਵਾਰਸ਼ਿਕ ਸੰਮੇਲਨ ਆਪ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਅਰਜ਼ ਬੇਨਤੀ ਕਰਕੇ ਮੰਗਿਆ ਜੋ ਪਾਤਸ਼ਾਹ ਜੀ ਦੀ ਬਖਸ਼ਿਸ਼ ਨਾਲ ਅਮਿੱਟ ਛਾਪ ਛੱਡ ਗਿਆ। ਸੰਤ ਜੀ ਨੇ ਆਪਣੀ ਜ਼ਿੰਦਗੀ ਦਾ ਪਲ ਪਲ ਸਮਾਜ ਸੇਵਾ, ਗੁਰਬਾਣੀ, ਭਜਨ ਬੰਦਗੀ ਅਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਸਮਰਪਣ ਕੀਤਾ।

ਸੰਤ ਜੀ ਨੂੰ 7 ਅਕਤੂਬਰ 2016 ਨੂੰ ਅਚਾਨਕ ਬ੍ਰੇਨ ਹੈਮਰੇਜ਼ ਦਾ ਅਟੈਕ ਆਇਆ ਤੇ ਸੰਤ ਵੀਹ ਕੁ ਮਹੀਨੇ ਮੋਨ ਅਵਸਥਾ ਵਿੱਚ ਰਹੇ। ਸਤਿਗੁਰੂ ਉਦੇ ਸਿੰਘ ਜੀ ਵੱਖ-ਵੱਖ ਸਮੇਂ ਡੇਰੇ ਵਿੱਚ ਸੰਤਾਂ ਨੂੰ ਦਰਸ਼ਨ ਦਿੰਦੇ ਰਹੇ ਅਤੇ ਹਜ਼ੂਰ ਪਾਤਸ਼ਾਹ ਜੀ ਵਲੋਂ ਪੂਰਾ ਸਮਾਂ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦੇ ਡਾਕਟਰਾਂ ਦੀ ਟੀਮ ਸੰਤਾਂ ਦੀ ਮੈਡੀਕਲ ਸੇਵਾ ਨਿਭਾਉਂਦੀ ਰਹੀ। 3 ਜੂਨ ਨੂੰ ਸਤਿਗੁਰੂ ਜੀ ਨੇ ਸੰਤਾਂ ਨੂੰ ਦਰਸ਼ਨ ਦਿੱਤੇ ਅਤੇ 6 ਜੂਨ ਨੂੰ ਸੰਤ ਜੀ ਆਪਣੀ ਯਾਤਰਾ ਪੂਰੀ ਕਰਕੇ ਬ੍ਰਹਮਲੀਨ ਹੋ ਗਏ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹੁਕਮ ਮੁਤਾਬਕ ਸੰਤ ਜੋਰਾ ਸਿੰਘ ਜੀ ਨਮਿੱਤ ਅਤੇ ਸ਼ਰਧਾਂਜਲੀ ਸਮਾਗਮ 28 ਜੇਠ 2075 ਬਿਕਰਮੀ ਮੁਤਾਬਕ 10 ਜੂਨ 2018 ਈਸਵੀ ਨੂੰ ਰੱਖਿਆ ਗਿਆ। ਇਸ ਭੋਗ ਸਮਾਗਮ ਤੇ ਹਾਜ਼ਰਾ ਹਜ਼ੂਰ ਜੀ ਨੇ ਪਾਵਨ ਦਰਸ਼ਨ ਦਿੱਤੇ ਅਤੇ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਦਾ ਸੈਲਾਬ ਉਮੜ ਪਿਆ। ਤਿੰਨ ਦਿਨਾਂ ਦੇ ਥੋੜ੍ਹੇ ਸਮੇਂ ਵਿੱਚ ਹੀ ਸੰਤ ਜੋਰਾ ਸਿੰਘ ਜੀ ਦੇ ਪ੍ਰਮੁੱਖ ਸੇਵਾਦਾਰ ਸੰਤ ਜਸਵੰਤ ਸਿੰਘ, ਮਨਪ੍ਰੀਤ ਸਿੰਘ ਹਿੰਮਤਪੁਰਾ, ਸੂਬਾ ਗੁਰਮੇਲ ਸਿੰਘ ਰਾਏਸਰ, ਸੰਤ ਕਰਮ ਸਿੰਘ ਸਪੋਰਟਸ ਕਲੱਬ ਦੇ ਮੈਂਬਰਾਂ, ਪਿੰਡ ਦੇ ਸਰਪੰਚ, ਪੰਚਾਇਤ ਅਤੇ ਇਲਾਕਾ ਨਿਵਾਸੀਆਂ ਨੇ ਮਿਲਕੇ ਸੰਤਾਂ ਨਮਿਤ ਮੇਲੇ ਦਾ ਬਹੁਤ ਹੀ ਵਧੀਆ ਪ੍ਰਬੰਧ ਕਰ ਲਿਆ। ਸੁੰਦਰ ਸ਼ਮਿਆਨੇ ਲੱਗੇ ਹੋਏ ਸਨ ਅਤੇ ਸੰਤਾਂ ਦੀਆਂ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਅਤੇ ਸੰਤ ਮਹਾਂਪੁਰਸ਼ਾਂ ਨਾਲ ਯਾਦਗਾਰੀ ਤਸਵੀਰਾਂ ਬੀਤੇ ਭਲੇ ਸਮੇਂ ਦੀ ਯਾਦ ਤਾਜ਼ਾ ਕਰ ਰਹੀਆਂ ਸਨ।

**ਆਸਾ ਦੀ ਵਾਰ ਦਾ ਕੀਰਤਨ-** ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਅਤੇ ਉਹਨਾਂ ਦੇ ਜਥੇ ਨੇ ਨਵੇਂ ਉਸਾਰੇ ਮੰਦਰ ਵਿੱਚ ਕੀਤਾ। ਭੋਗ ਅਤੇ ਸ਼ਰਧਾਂਜਲੀ ਸਮਾਗਮ ਦੀ ਅਰੰਭਤਾ ਸਵੇਰੇ 10 ਵਜੇ ਹੋਈ। ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਢੋਲਕ ਛੈਣਿਆਂ ਨਾਲ ਹੱਲੇ ਦਾ ਦੀਵਾਨ ਸਜਾਇਆ। ਜਥੇਦਾਰ ਜੀ ਨੇ 'ਮਹਿਮਾ ਸੰਤਾਂ,ਦੀ ਕਹਿਣ ਕਥਨ ਤੋਂ ਬਾਹਰੀ' ਸ਼ਬਦ ਦੀ ਟੇਕ ਲੈ ਕੇ ਪੁਰਾਤਨ ਸਮੇਂ ਤੋਂ ਲੈ ਕੇ ਵੱਖ-ਵੱਖ ਸੰਤਾਂ, ਭਗਤਾਂ ਦੀ ਮਹਿਮਾ ਦਾ ਵਖਿਆਨ ਕੀਤਾ। ਸੰਤ ਜੋਰਾ ਸਿੰਘ ਜੀ ਦੇ ਪ੍ਰਥਾਏ

ਉਹਨਾਂ ਨੇ ਦੱਸਿਆ ਕਿ ਸੰਤ ਜੀ ਕੋਲ ਨਾਮ ਦਾ ਧਨ ਸੀ,

**ਸਵਾਮੀ ਰਾਮ ਤੀਰਥ ਜੀ ਜਲਾਲ ਵਾਲਿਆਂ–** ਨੇ ਬਹੁਤ ਹੀ ਰਸਭਿੰਨਾ ਅਤੇ ਸੰਗਤ ਦੇ ਮਨਾਂ ਨੂੰ ਰਾਮ ਦੀ ਰੰਗਣ ਵਾਲਾ ਗੁਰਬਾਣੀ ਦਾ ਕੀਰਤਨ ਕੀਤਾ। 'ਲੱਖਾਂ ਤਰ ਗਏ ਲੱਖਾਂ ਨੂੰ ਲੈ ਗਏ ਤਾਰਕੇ, ਆਏ ਸੀ ਮਲਾਹ ਬਣਕੇ' ਦੀ ਟੇਕ ਲੈ ਕੇ ਸਵਾਮੀ ਜੀ ਨੇ ਬਾਬਾ ਬੁੱਢਾ ਜੀ ਦੀ ਕਥਾ ਸੁਣਾਈ ਅਤੇ ਦੱਸਿਆ ਕਿ ਕਿਸ ਤਰ੍ਹਾਂ ਸੰਤ ਜੋਰਾ ਸਿੰਘ ਜੀ ਵਰਗੇ ਪੂਰਨ ਸਾਧੂ, ਸੰਗਤ ਨੂੰ ਗੁਰਬਾਣੀ, ਸਤਿਗੁਰੂ ਅਤੇ ਸੱਚ ਨਾਲ ਜੋੜ ਕੇ ਰੱਖਦੇ ਹਨ।



**ਜਥੇਦਾਰ ਸੰਤੋਖ ਸਿੰਘ ਸਾਜਨ–** ਨੇ ਮਾਲਵੇ ਇਲਾਕੇ ਤੇ ਪੁਰਾਤਨ ਸਮੇਂ ਤੋਂ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦਾ ਵਰਨਣ ਕਰਦਿਆਂ ਦੀਵਾਨ ਵਿੱਚ ਬਾਬਾ ਫੂਲ ਵੰਸ਼ ਦੀ ਸਾਖੀ ਸੁਣਾਈ। ਇਸੇ ਤਰ੍ਹਾਂ ਹੀ ਸੰਤ ਜੋਰਾ ਸਿੰਘ 'ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਖਸ਼ਿਸ਼ ਕੀਤੀ, ਜਿਨ੍ਹਾਂ ਨੇ ਆਪ ਨਾਮ ਜੱਪਿਆ ਅਤੇ ਲੋਕਾਂ ਤੋਂ ਜਪਾਇਆ ਅਤੇ ਸਤਿਗੁਰੂ ਨਾਲ ਮਿਲਾਪ ਕਰਵਾ ਕੇ ਗੁਰਬਾਣੀ ਦੇ ਇਸ ਸ਼ਬਦ ਨੂੰ ਪ੍ਰਤੱਖ ਕੀਤਾ- ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥

ਰਾਮ ਜੁ ਦਾਤਾ ਮੁਕਤਿ ਕੋ ਸੰਤ ਜਪਾਵੈ ਨਾਮੁ॥

ਸ਼੍ਰੋਮਣੀ ਕਮੇਟੀ ਮੈਂਬਰ **ਸ. ਗੁਰਮੇਲ ਸਿੰਘ ਸੰਗਤਪੁਰਾ** ਨੇ ਸੰਤ ਜੋਰਾ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ ਕਿ ਸੰਤ ਮਹਾਂਪੁਰਸ਼ਾਂ ਨੇ ਡੇਰਾ ਹਿੰਮਤਪੁਰਾ ਦੀ ਸੇਵਾ ਸੰਭਾਲਣ ਤੋਂ ਲੈ ਕੇ ਆਪਣੇ ਆਖਰੀ ਪਲ ਤੱਕ ਤਨ, ਮਨ, ਧਨ ਨਾਲ ਸੇਵਾ ਕੀਤੀ। ਲੋਕਾਂ ਨੂੰ ਨਾਮਧਾਰੀ ਸੰਸਥਾ ਨਾਲ ਜੋੜਿਆ। ਸਾਰੇ ਇਲਾਕੇ ਦੇ, ਪਿੰਡ ਦੇ ਸਮਾਜਕ ਕੰਮਾਂ ਲਈ ਉਹ ਹਰ ਸਮੇਂ ਤਿਆਰ ਰਹਿੰਦੇ ਤੇ ਅਗਵਾਈ ਕਰਦੇ। ਸੰਤ ਜੀ ਬੇਹੱਦ ਨਿਮਰਤਾ ਅਤੇ ਸੇਵਾ ਭਾਵਨਾ ਦੀ ਮੂਰਤ ਸਨ। ਗੁਰਬਾਣੀ ਦਾ ਇਹ ਸ਼ਬਦ ਉਹਨਾਂ ਦੇ ਜੀਵਨ ਨੂੰ ਪੂਰਨ ਪ੍ਰਤੱਖ ਕਰਦਾ ਹੈ-ਗੁਰਮੁਖ ਜਨਮ ਸਵਾਰ ਦਰਗਹ ਚਲਿਆ॥

ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

**ਸ. ਦਰਸ਼ਨ ਸਿੰਘ ਬਰਾੜ ਐਮ. ਐਲ. ਏ–** ਨੇ ਆਖਿਆ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਸੰਤ ਜੋਰਾ ਸਿੰਘ ਜੀ ਪੂਰਨ ਬ੍ਰਹਮ ਗਿਆਨੀ ਅਤੇ ਉੱਚੇ-ਸੁੱਚੇ ਇਨਸਾਨ ਸਨ। ਉਹਨਾਂ ਆਪਣਾ ਕੁਝ ਨਹੀਂ ਬਣਾਇਆ ਸਗੋਂ ਆਪਣੀ ਜ਼ਮੀਨ ਜਾਇਦਾਦ ਵੀ ਡੇਰੇ ਨੂੰ ਅਰਪਣ ਕਰ ਦਿੱਤੀ। ਉਹ ਸਾਰੀ ਮਨੁੱਖਤਾ ਨੂੰ ਆਪਣਾ ਸਮਝਦੇ ਸਨ। ਉਹਨਾਂ ਦੇ ਮਨ ਵਿੱਚ ਹੋਰ ਕੋਈ ਲਾਲਚ ਨਹੀਂ ਸੀ, ਬਸ ਲੋਕਾਂ ਦੀ ਸੇਵਾ, ਸਿਮਰਨ ਅਤੇ ਸਤਿਗੁਰਾਂ ਦੇ ਚਰਨਾਂ ਦੀ ਲਾਲਸਾ ਸੀ।

**ਸੰਤ ਧਰਮਦਾਸ ਜੀ ਸੈਦੋਕੇ–** ਨੇ ਬਹੁਤ ਹੀ ਠਰੰਮੇ ਭਰੇ ਸਹਿਜ ਅਤੇ ਭਾਵਪੂਰਵਕ ਸ਼ਬਦਾਂ ਵਿੱਚ ਆਖਿਆ ਕਿ ਸੰਤ ਜੋਰਾ ਸਿੰਘ ਜੀ ਨੇ ਹਿੰਮਤਪੁਰੇ ਵਿੱਚ ਜਨਮ ਲੈ ਕੇ ਹਿੰਮਤਪੁਰੇ ਦਾ ਨਾਂ ਦੁਨੀਆਂ ਵਿੱਚ ਪਹੁੰਚਾਇਆ। ਉਹਨਾਂ ਆਖਿਆ ਕਿ ਇੱਕ ਪਾਸੇ ਪਾਰਸ ਹੈ ਜੇ ਉਹ ਤਾਂਬੇ ਨੂੰ ਲੱਗ ਜਾਵੇ ਤਾਂ ਤਾਂਬਾ ਸੋਨਾ ਬਣ ਜਾਂਦੈ ਪਰ ਪਾਰਸ ਉਸਨੂੰ ਪਾਰਸ ਨਹੀਂ ਬਣਾ ਸਕਦਾ। ਸੰਤ ਜੋਰਾ ਸਿੰਘ ਜੀ ਵਰਗੇ ਸੰਤ,ਚੋਰਾ ਅਤੇ ਠੱਗਾਂ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਪੂਰਨ ਸੰਤ ਬਣਾ ਦਿੰਦੇ ਹਨ। ਮੈਨੂੰ ਏਸ ਸੰਪਰਦਾ ਨਾਲ ਜੋੜਨ ਵਾਲੇ ਸੰਤ ਬਦਨ ਸਿੰਘ ਸੈਦੋਕੇ ਅਤੇ ਸੂਬਾ ਬੋਘਾ ਸਿੰਘ ਸੈਦੋਕੇ ਹਨ, ਜਿਨ੍ਹਾਂ ਦਾ ਪਰਿਵਾਰ ਅੱਜ ਵੀ ਸੰਤਾਂ ਦੇ ਇਸ ਸਮਾਗਮ ਵਿੱਚ ਸੇਵਾ ਕਰ ਰਹੇ ਹਨ। ਮੈਂ ਆਪਣੇ ਵਲੋਂ, ਪਿੰਡ ਵਲੋਂ, ਪਿੰਡ ਦੀ ਪੰਚਾਇਤ, ਸਰਪੰਚ ਸੱਘੜ ਸਿੰਘ ਤੇ ਨਵੇਂ ਸਰਪੰਚ ਵਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਾਧ ਸੰਗਤ ਸਾਨੂੰ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰਾਉਂਦੀ ਰਹੇ।

**ਪਰਮਜੀਤ ਸਿੰਘ ਨੰਗਲ ਚੇਅਰਮੈਨ ਬਲਾਕ ਸੰਮਤੀ–** ਨੇ ਸੰਬੋਧਨ ਕਰਦਿਆਂ ਆਖਿਆ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਦਾ ਨਿੱਘ ਮਾਣ ਰਹੀ ਸਾਧ ਸੰਗਤ ਜੀਓ ਸੰਤ ਜੋਰਾ ਸਿੰਘ ਜੀ ਦਾ ਜੀਵਨ ਬੜਾ ਪਾਰਦਰਸ਼ੀ ਅਤੇ ਪ੍ਰਭਾਵਿਤ ਕਰਨ ਵਾਲਾ ਜੀਵਨ ਸੀ। ਉਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਬੜੇ ਵਧੀਆ, ਦ੍ਰਿੜ ਫੈਸਲੇ ਲਏ ਅਤੇ ਉਹਨਾਂ ਨੂੰ ਸਫਲਤਾ ਪੂਰਵਕ ਸਿਰੇ ਲਾਇਆ। ਸੰਤਾਂ ਦੇ ਪਿਛੋਕੜ ਦੇ ਜੀਵਨ ਬਾਰੇ ਆਪਾਂ ਸਾਰੇ ਜਾਣਦੇ ਹਾਂ, ਉਹ ਮਾਰਕਸਵਾਦ ਨਾਲ ਵੀ ਜੁੜੇ ਰਹੇ ਤੇ ਅਖੀਰ ਵਿਗੜੇ ਇਨਸਾਨ ਤੋਂ ਫਕੀਰ ਦੇ ਰੂਪ ਵਿੱਚ ਪ੍ਰਗਟ ਹੋਏ। ਸੰਤ ਜੋਰਾ ਸਿੰਘ ਜੀ ਨੇ ਡੇਰੇ ਵਿੱਚ ਬਿਲਡਿੰਗਾਂ ਉਸਾਰ ਦਿੱਤੀਆਂ, ਮੰਦਰ ਬਣਾ ਦਿੱਤਾ, ਲੋਕਾਂ ਨੂੰ ਪਰੇਰ ਕੇ ਰੂੜੀਆਂ ਵਾਲੀਆਂ ਥਾਂਵਾਂ ਤੇ ਮਹਿਲ ਉਸਾਰ ਦਿੱਤੇ। ਬਿਜਲੀ ਦਾ ਗਰਿੱਡ ਬਣਵਾ ਦਿੱਤਾ, ਗਊਸ਼ਾਲਾ ਦੇ ਕਾਰਜ ਨੂੰ ਅਜਿਹਾ ਸੰਭਾਲਿਆ, ਜੋ ਸਾਡੇ ਸਾਹਮਣੇ ਪ੍ਰਤੱਖ ਹੈ। ਸੰਤਾਂ ਨੇ ਕੋਈ ਕਿਸੇ ਕਿਸਮ ਦਾ ਲਾਲਚ ਤਾਂ ਕੀ ਕਰਨਾ ਸੀ ਸਗੋਂ ਆਪਣਾ ਸਭ ਕੁਝ ਡੇਰੇ ਦੇ ਨਾਂ ਕਰ ਦਿੱਤਾ। ਉਹ ਸਭ ਧਰਮਾਂ ਸੰਸਥਾਵਾਂ ਅਤੇ ਪਾਰਟੀਆਂ ਨੂੰ ਇੱਕੋ ਨਜ਼ਰ ਨਾਲ ਵੇਖਣ ਵਾਲੇ ਨੇਕ, ਸਫਲ, ਕਹਿਣੀ ਕਥਨੀ ਦੇ ਪੂਰੇ, ਨਰੋਈ ਜ਼ਿੰਦਗੀ ਵਾਲੇ ਮਹਾਂਪੁਰਸ਼ ਸਨ।

**ਸ. ਅਜੀਤ ਸਿੰਘ ਸ਼ਾਂਤ (ਸ਼੍ਰੋਮਣੀ ਅਕਾਲੀ ਦਲ)–** ਮਹਾਨ ਤਪੱਸਵੀ ਸੰਤ ਬਾਬਾ ਜੋਰਾ ਸਿੰਘ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ, ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਬੈਠੀ ਸਾਧ ਸੰਗਤ,ਨਾਮਧਾਰੀ ਸੰਪਰਦਾ ਸਿੱਖੀ ਦੀ ਅਲੌਕਿਕ ਸੇਵਾ, ਸਿਮਰਨ ਤੇ ਕੁਰਬਾਨੀ ਦਾ ਜਿਨ੍ਹਾਂ ਦੇ ਦਿਲ ਵਿੱਚ ਹੈ। ਨਾਮਧਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਕੇ ਮਹਾਨ ਤਪਸਵੀ ਸੰਤ ਬਾਬਾ ਜੋਰਾ ਸਿੰਘ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਸਤਿਗੁਰੂ ਉਦੇ ਸਿੰਘ ਜੀ ਹਜੂਰੀ ਵਿੱਚ ਬਿਰਾਜਮਾਨ ਸਾਧ ਸੰਗਤ,ਨਾਮਧਾਰੀ ਸੰਪਰਦਾ ਦੇ ਦਿਲ ਵਿੱਚ ਸਿੱਖੀ ਦੀ ਅਲੌਕਿਕ ਸੇਵਾ,ਸਿਮਰਨ ਤੇ ਕੁਰਬਾਨੀ ਦਾ ਭਰਪੂਰ ਜਜ਼ਬਾ ਹੈ।ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸਿੱਖਾਂ ਨੇ ਦੇਸ਼ ਅਜ਼ਾਦੀ ਦੇ ਮਹਾਨ ਯੱਗ ਵਿੱਚ ਉਸ ਵਕਤ ਹਿੱਸਾ ਪਾਇਆ ਜਦੋਂ ਇਹ ਮੰਨਿਆ ਜਾਂਦਾ ਸੀ ਅੰਗਰੇਜ਼ ਦੇ ਰਾਜ

ਵਿੱਚ ਸੂਰਜ ਅਸਤ ਨਹੀਂ ਹੁੰਦਾ। ਅੱਜ ਜੇਕਰ ਦੁਨੀਆਂ ਵਿੱਚ ਬਾਣੀ ਤੇ ਬਾਣੇ ਦਾ ਡੰਕਾ ਵੱਜਦਾ ਹੈ ਤਾਂ, ਕੂਕਾ ਲਹਿਰ ਕਰਕੇ ਹੈ। ਇਸ ਨਾਮਧਾਰੀ ਲਹਿਰ ਦੇ ਹੀ ਵਰੋਸਾਏ ਹੋਏ ਸਨ ਸੰਤ ਜੋਰਾ ਸਿੰਘ ਜੀ, ਜਿਨ੍ਹਾਂ ਨੇ ਆਪਣਾ ਸਾਰਾ ਕੁਝ ਕਰਕੇ ਸੇਵਾ, ਸਿਮਰਨ, ਬਾਣੀ ਤੇ ਬਾਣੇ ਦਾ ਪ੍ਰਚਾਰ ਕੀਤਾ। ਇਹ ਲਹਿਰ ਅਲੌਕਿਕ ਸ਼ਕਤੀਆਂ ਨੂੰ ਪ੍ਰਣਾਈ ਹੋਈ ਹੈ, ਜਿਸ ਗੱਦੀ ਤੇ ਅੱਜ ਸਤਿਗੁਰੂ ਉਦੇ ਸਿੰਘ ਜੀ ਬਿਰਾਜਮਾਨ ਹਨ।

**ਸਰਪੰਚ ਗੁਰਚਰਨ ਸਿੰਘ ਹਿੰਮਤਪੁਰਾ–** ਨੇ ਆਈ ਸੰਗਤ ਦਾ ਧੰਨਵਾਦ ਕਰਦਿਆਂ ਆਖਿਆ ਕਿ ਸਾਡੇ ਪਿੰਡ ਵਿੱਚ 16 ਮਹਾਂਪੁਰਸ਼ ਪੈਦਾ ਹੋਏ ਹਨ, ਜਿਨ੍ਹਾਂ ਵਿੱਚੋਂ ਸੰਤ ਕਰਮ ਸਿੰਘ ਨੇ ਬਹੁਤ ਵੱਡੀ ਤਪੱਸਿਆ ਕੀਤੀ ਤੇ ਇਸ ਸਥਾਨ ਤੇ ਸੁਸ਼ੋਭਿਤ ਵੱਖ-ਵੱਖ ਮਹਾਂਪਰਸ਼ਾਂ ਅਤੇ ਸੰਤ ਜੋਰਾ ਸਿੰਘ ਨੇ ਇਲਾਕੇ ਨੂੰ ਤਾਰਿਆ। ਇਸ ਡੇਰੇ ਦੇ ਨਾਂ ਕੋਈ ਜ਼ਮੀਨ ਜਾਇਦਾਦ ਨਹੀਂ ਸੀ ਪਰ ਸੰਤਾਂ ਨੇ ਆਪਣੀ ਸਾਢੇ ਚਾਰ ਏਕੜ ਜ਼ਮੀਨ ਡੇਰੇ ਨੂੰ ਅਰਪਿਤ ਕੀਤੀ ਤੇ ਅੱਜ ਡੇਰੇ ਕੋਲ ਸੰਗਤ ਦੀ ਸੇਵਾ ਲਈ ਸੋਲਾਂ ਏਕੜ ਜ਼ਮੀਨ ਹੈ। ਸੰਤ ਜੋਰਾ ਸਿੰਘ ਜੀ ਨੇ ਤਨ ਮਨ ਤੇ ਧਨ ਨਾਲ ਨਿਸ਼ਕਾਮ ਸੇਵਾ ਕੀਤੀ।

**ਸੋਵੀਨਰ ਅਰਪਣ–** ਇਸ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਸੂਬਾ ਬਲਵਿੰਦਰ ਸਿੰਘ ਵਲੋਂ ਸੇਵਾ ਦੀ ਮੂਰਤ ਸੰਤ ਜੋਰਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੋਵੀਨਰ ਅਰਪਣ ਕੀਤਾ ਗਿਆ। ਜਿਸ ਵਿੱਚ ਸੰਤਾਂ ਦੀ ਜੀਵਨੀ ਸੰਤ ਨਿਸ਼ਾਨ ਸਿੰਘ ਜੀ ਦੁਆਰਾ ਲਿਖੀ ਗਈ ਅਤੇ ਇਸ ਵਿੱਚ ਸੰਤਾਂ ਦੀਆਂ ਤਸਵੀਰਾਂ ਸੂਰਤਪਾਲ ਸਿੰਘ ਫੋਟੋਗ੍ਰਾਫਰ ਵੱਲੋਂ ਇਕੱਤਰ ਕੀਤੀਆਂ ਗਈਆਂ ਹਨ।

ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਧ ਸੰਗਤ ਨੂੰ ਕਲਿਆਣਕਾਰੀ ਉਪਦੇਸ਼ ਦਿੱਤਾ।

**ਪਾਠਾਂ ਦੇ ਭੋਗ–** ਇਸ ਸਮੇਂ ਸੰਤ ਜੋਰਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ 11 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

**ਸੰਤ ਜਸਵੰਤ ਸਿੰਘ ਜੀ ਦੀ ਦਸਤਾਰਬੰਦੀ–** ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਸੰਤ ਜਸਵੰਤ ਸਿੰਘ ਹਿੰਮਤਪੁਰਾ ਨੂੰ ਦਸਤਾਰ ਸਜਾਈ ਅਤੇ ਅੱਗੋਂ ਡੇਰੇ ਦੀ ਮਹੰਤੀ ਦੀ ਜ਼ਿੰਮੇਵਾਰੀ ਸੰਭਾਲੀ। ਸੰਤ ਜਸਵੰਤ ਸਿੰਘ ਜੀ, ਸੰਤ ਜੋਰਾ ਸਿੰਘ ਜੀ ਦੀ ਸੇਵਾ ਵਿੱਚ ਕੁਝ ਸਾਲ ਪਹਿਲਾਂ ਤੋਂ ਹਾਜ਼ਰ ਸਨ। ਸੰਤ ਜਸਵੰਤ ਸਿੰਘ ਜੀ ਦਾ ਜਨਮ ਪਿਤਾ ਦਰਸ਼ਨ ਸਿੰਘ ਦੇ ਘਰ ਮਾਤਾ ਮਨਜੀਤ ਕੌਰ ਦੇ ਗ੍ਰਹਿ ਵਿਖੇ 7 ਅਪ੍ਰੈਲ 1986 ਨੂੰ ਹਿੰਮਤਪੁਰਾ ਵਿਖੇ ਹੋਇਆ। ਸੰਤ ਜਸਵੰਤ ਸਿੰਘ ਜੀ ਨੇ ਦੱਸਿਆ ਕਿ ਸੰਤ ਜੋਰਾ ਸਿੰਘ ਜੀ ਮੈਨੂੰ ਹੁਕਮ ਕਰ ਗਏ ਸਨ ਕਿ ਆਪਣਾ ਜੀਵਨ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮਾਂ ਨੂੰ ਸਮਰਪਣ ਰੱਖਣਾ। ਇਸ ਸਮੇਂ ਸੰਤਾਂ ਨੂੰ ਮੁੱਖ ਦਸਤਾਰ ਨਾਮਧਾਰੀ ਦਰਬਾਰ ਵਲੋਂ ਸਜਾਈ ਗਈ ਅਤੇ ਇਲਾਕੇ ਦੇ ਵੱਖ-ਵੱਖ ਧਾਰਮਿਕ ਡੇਰਿਆਂ, ਮਹਾਂਪੁਰਸ਼ਾਂ ਅਤੇ ਸੰਸਥਾਵਾਂ ਵਲੋਂ ਦਸਤਾਰਾਂ ਭੇਟ ਕੀਤੀਆਂ ਗਈਆਂ।

**ਡਾ.ਲਖਬੀਰ ਸਿੰਘ ਰਾਮਪੁਰਾ ਫੂਲ**

**–ਹਰ ਵਾਲ਼ ਓਹਨਾਂ ਦੇ ਚੋਂ ਆਏ ਖ਼ੁਸ਼ਬੂ ਓਹਦੀ**
**ਹਰ ਬੰਦਾ ਖ਼ੁਸ਼ਬੂ ਨਾਲ਼ ਪਾਵੇ ਜ਼ਿੰਦਗੀ।**

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਬਿਰਧ ਆਸ਼ਰਮ

10 ਜੂਨ 2018 ਰਾਜਪੁਰਾ-ਪੰਜਾਬ ਦੇ ਰਾਜਪੁਰਾ ਸ਼ਹਿਰ ਵਿਖੇ "ਸੇਵਕ ਕਉ ਸੇਵਾ ਬਨਿ ਆਈ" ਟਰਸੱਟ ਦੇ ਚੇਅਰਮੈਨ ਚਰਨਜੀਤ ਸਿੰਘ ਜੀ ਨਾਮਧਾਰੀ ਅਤੇ ਸਵਰਗਧਾਮ ਮੈਨੇਜਮੈਂਟ ਕਮੇਟੀ ਆਨੰਦ ਨਗਰ ਰਾਜਪੁਰਾ ਦੇ ਚੇਅਰਮੈਨ ਸ੍ਰੀ ਸ਼ਾਮ ਲਾਲ ਆਨੰਦ ਦੀ ਸਾਂਝੀ ਅਗਵਾਈ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ "ਬਿਰਧ ਆਸ਼ਰਮ" ਦਾ ਉਦਘਾਟਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਹਸਤ-ਕੰਵਲਾਂ ਨਾਲ ਕੀਤਾ। ਆਸ਼ਰਮ ਦੀ ਇਮਾਰਤ ਨੂੰ ਵੇਖਦਿਆਂ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਜਿਹੜੇ ਬਜ਼ੁਰਗਾਂ ਦਾ ਘਰਾਂ ਵਿਚ ਉਨ੍ਹਾਂ ਦੀ ਔਲਾਦ ਆਦਰ ਸਤਿਕਾਰ ਨਹੀਂ ਕਰਦੀ,ਉਨ੍ਹਾਂ ਦਾ ਇਥੇ ਪੂਰੀ ਤਰ੍ਹਾਂ ਖਿਆਲ ਰੱਖਿਆ ਜਾਵੇਗਾ। ਸ੍ਰੀ ਸਤਿਗੁਰੂ ਜੀ ਨੇ ਸਬੰਧਿਤ ਸੱਜਨਾਂ ਨੂੰ ਕਿਹਾ ਕਿ ਕੋਈ ਵੀ ਮਨੁੱਖ ਆਪਣੇ ਮਾਤਾ ਪਿਤਾ ਦਾ ਕਰਜ ਨਹੀਂ ਉਤਾਰ ਸਕਦਾ। ਇਸ ਮੌਕੇ ਤੇ ਹਲਕਾ ਵਿਧਾਇਕ ਸ੍ਰ: ਹਰਦਿਆਲ ਸਿੰਘ ਕੰਬੋਜ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਆਸ਼ਰਮ ਦਾ ਬਨਾਉਣਾ ਇਕ ਵਧੀਆ ਉਪਰਾਲਾ ਹੈ। ਆਸ਼ਰਮ ਬਾਰੇ ਜਾਣਕਾਰੀ ਦੇਂਦੇ ਹੋਏ ਪ੍ਰਧਾਨ ਸ੍ਰੀ ਓ.ਪੀ. ਅਰੋੜਾ ਪ੍ਰੇਮੀ ਜੀ ਨੇ ਦੱਸਿਆ ਹੈ ਕਿ ਇਹ ਬਿਰਧ ਆਸ਼ਰਮ 6000 ਵਰਗ ਗਜ਼ (ਲਗਭਗ ਡੇਢ ਏਕੜ) ਵਿਚ ਬਣਿਆ ਹੋਇਆ ਹੈ। ਇਨ੍ਹਾਂ ਸਾਰੇ ਕਮਰਿਆਂ ਵਿਚ ਦੋ ਬੈੱਡ ਅਤੇ ਸੋਫਾ ਸੈਟ ਆਦਿ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਬਿਰਧ ਆਸ਼ਰਮ ਦੇ ਲਈ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਨਰਿੰਦਰ ਸ਼ਾਸ਼ਤ੍ਰੀ ਜੀ ਦਾ ਬਹੁਤ ਹੀ ਸਹਿਯੋਗ ਮਿਲਿਆ ਹੈ। ਸ੍ਰੀ ਪ੍ਰੇਮੀ ਜੀ ਨੇ ਦੱਸਿਆ ਕਿ ਸ਼ਹਿਰ ਅਤੇ ਆਲੇ-ਦੁਆਲੇ ਵਿਚੋਂ ਕੋਈ ਵੀ ਲੋੜਵੰਦ ਆ ਕੇ ਰਹਿ ਸਕਦਾ ਹੈ। ਇਸ ਮੌਕੇ ਸੰਤ ਚਰਨਜੀਤ ਸਿੰਘ ਜੀ ਨਾਮਧਾਰੀ ਨੇ ਦੱਸਿਆ ਕਿ ਇਸ ਬਿਰਧ ਆਸ਼ਰਮ ਵਿਚ ਬਜ਼ੁਰਗਾਂ ਦੀ ਸਿਹਤ ਤੰਦਰੁਸਤੀ ਵਾਸਤੇ ਉੱਚ ਪੱਧਰੀ ਡਾਕਟਰਾਂ ਦੀ ਟੀਮ ਵੀ ਹਰ ਵੇਲੇ ਹਾਜ਼ਿਰ ਹੋਵੇਗੀ। ਖਾਣ-ਪੀਣ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਇਕ ਵੱਡਾ ਹਾਲ ਬਣਾਇਆ ਗਿਆ ਹੈ ਜਿੱਥੇ ਮੈਡੀਟੇਸ਼ਨ ਅਤੇ ਹੋਰ ਧਾਰਮਿਕ ਸਾਹਿਤ ਉਪਲਬਧ ਹੋਵੇਗਾ। ਮੈਂ ਇਥੇ ਇਹ ਵੀ ਦੱਸਣਾ ਚਾਹਾਂਗਾ ਕਿ ਇਹਨਾਂ 28 ਕਮਰਿਆਂ ਵਿਚੋਂ 18 ਕਮਰੇ ਸਮੇਤ ਵਡਾ ਹਾਲ ਸੰਤ ਚਰਨਜੀਤ ਸਿੰਘ ਨਾਮਧਾਰੀ ਜੀ ਵਲੋਂ ਬਣਵਾਏ ਗਏ ਹਨ।

ਇਸ ਸਮਾਗਮ ਵਿਚ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਾਜਿੰਦਰ ਰਾਜਾ ਜੀ, ਪ੍ਰਵੀਨ ਛਾਬੜਾ ਜੀ, ਨਿਰੰਕਾਰੀ ਮਿਸ਼ਨ ਮੰਡਲ ਰਾਜਪੁਰਾ ਦੇ ਮੁਖੀ ਰਾਧੇ ਸ਼ਿਆਮ ਜੀ, ਥੋਕ ਸ਼ਬਜੀ ਮੰਡੀ ਆੜ੍ਹਤੀ ਐਸ਼ੋਸ਼ੀਏਸ਼ਨ ਦੇ ਪ੍ਰਧਾਨ ਜਗਦੀਸ਼ ਚਾਵਲਾ ਜੀ, ਸਮਿਤੀ ਮੈਂਬਰ ਲਾਲ ਸਿੰਘ ਮਰਦਾਨ ਪੁਰ, ਮਾਤਾ ਸਤਵੰਤ ਕੌਰ ਨਾਮਧਾਰੀ, ਗੁਰਬਚਨ ਸਿੰਘ ਨਾਮਧਾਰੀ ਚੰਡੀਗੜ੍ਹ, ਸੂਬਾ ਗੁਰਮੁਖ ਸਿੰਘ ਜੀ ਚੰਡੀਗੜ੍ਹ, ਪ੍ਰਿਤਪਾਲ ਸਿੰਘ ਨਾਮਧਾਰੀ, ਸੰਤ ਯਾਦਵਿੰਦਰ ਸਿੰਘ ਨਾਮਧਾਰੀ, ਕਮੇਟੀ ਦੇ ਜਨਰਲ ਸਕੱਤਰ ਅਸ਼ੋਕ ਪ੍ਰੇਮੀ ਜੀ, ਜੱਥੇਦਾਰ ਮੇਵਾ ਸਿੰਘ ਭੰਗੂ, ਜੱਥੇਦਾਰ ਟੋਡਰ ਸਿੰਘ ਜੀ, ਭੈਣ ਕੈਲਾਸ਼ ਬ੍ਰਹਮ-ਕੁਮਾਰੀ ਆਸ਼ਰਮ ਰਾਜਪੁਰਾ ਵਾਲੇ, ਦੇਵਕੀ ਨੰਦਨ ਜੀ ਅਤੇ ਓਮ ਪ੍ਰਕਾਸ਼ ਆਦਿ ਹੋਰ ਵੀ ਕਈ ਪਤਵੰਤੇ ਸੱਜਣ ਹਾਜਿਰ ਹੋਏ।

**– ਸਵਿੰਦਰ ਸਿੰਘ ਨਾਮਧਾਰੀ**

# ਹੋਣਹਾਰ ਵਿਦਿਆਰਥੀਆਂ ਨੂੰ ਖੁਸ਼ੀਆਂ

ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਜ਼ਾ ਅਨੁਸਾਰ ਵੱਖ ਵੱਖ ਬੋਰਡਾਂ ਤੋਂ 90% ਤੋਂ ਵੱਧ ਅੰਕ ਲੈ ਕੇ ਦਸਵੀਂ ਤੇ ਬਾਰ੍ਹਵੀਂ ਦੀ ਪ੍ਰੀਖਿਆ ਪਾਸ ਕਰਨ ਵਾਲੇ ਬੱਚਿਆਂ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ ਗਿਆ। ਹਜ਼ੂਰ ਪਾਤਸ਼ਾਹ ਜੀ ਨੇ ਜਿੱਥੇ ਬੱਚਿਆਂ ਨੂੰ ਖੁਸ਼ੀਆਂ ਬਖਸ਼ਿਸ਼ ਕੀਤੀਆਂ ਉੱਥੇ ਹੋਰ ਪ੍ਰਾਪਤੀਆਂ ਵਾਸਤੇ ਉਤਸ਼ਾਹਿਤ ਵੀ ਕੀਤਾ। ਸਤਿਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀਆਂ ਖੁਸ਼ੀਆਂ ਦਾ ਕੋਈ ਪਾਰਾਵਾਰ ਨਾ ਰਿਹਾ। ਜਿੰਨ੍ਹਾਂ ਬੱਚਿਆਂ ਨੂੰ ਸ੍ਰੀ ਸਤਿਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਹੋਇਆ ਹੈ ਉਹ ਸੁਭਾਗੇ ਬੱਚੇ ਇਹ ਹਨ:

| ਲੜੀ ਨੰ: | ਵਿਦਿਆਰਥੀ | ਮਾਤਾ-ਪਿਤਾ | % | ਕਲਾਸ | ਬੋਰਡ | ਵਿਸ਼ਾ | ਸ਼ਹਿਰ |
|---|---|---|---|---|---|---|---|
| ੧ | ਤ੍ਰਿਲੋਕ ਕੌਰ | ਟੇਕ ਸਿੰਘ<br>ਵਰਿੰਦਰ ਕੌਰ | ੯੫.੬੯% | ੧੦ਵੀ | ਪੰਜਾਬ | ਬੋਰਡ | ਲੁਧਿਆਣਾ |
| ੨ | ਸਿਮਰਨ ਕੌਰ ਲਾਇਲ | ਮਨਜੀਤ ਸਿੰਘ<br>ਅੰਮ੍ਰਿਤਪਾਲ ਕੌਰ | ੯੨.੬੦% | ੧੨ਵੀ | ਸੀ.ਬੀ.ਐਸ ਈ | ਨਾਨ-ਮੈਡੀਕਲ | ਲੁਧਿਆਣਾ |
| ੩ | ਅੰਗਦਜੀਤ ਸਿੰਘ | ਤੇਜਵੰਤ ਸਿੰਘ<br>ਰਾਜਵੰਤ ਕੌਰ | ੯੬% | ੧੨ਵੀਂ | ਸੀ.ਬੀ.ਐਸ.ਈ. | ਨਾਨ-ਮੈਡੀਕਲ | ਲਧਿਆਣਾ |
| ੪ | ਗੁਰਪ੍ਰੀਤ ਕੌਰ | ਮਨਜੀਤ ਸਿੰਘ<br>ਰਵਿੰਦਰ ਕੌਰ | ੯੨% | ੧੨ਵੀਂ | ਪੰਜਾਬ | ਨਾਨ-ਮੈਡੀਕਲ | ਬਠਿੰਡਾ |
| ੫ | ਜਪਨੀਤ ਕੌਰ | ਗੁਰਚਰਨ ਸਿੰਘ<br>ਕਮਲਜੀਤ ਕੌਰ | ੯੦% | ੧੨ਵੀ | ਪੰਜਾਬ | ਆਰਟਸ | ਲੁਧਿਆਣਾ |
| ੬ | ਕਰਤਾਰ ਕੌਰ ਮਾਨ | ਕਮਲਜੀਤ ਸਿੰਘ<br>ਪਰਮਜੀਤ ਕੌਰ | ੯੪.੦੨% | ੧੦ਵੀਂ | ਸੀ.ਬੀ.ਐਸ.ਈ | | ਫਤਿਹਗੜ੍ਹ ਸਾਹਿਬ |
| ੭ | ਗੰਗਾ ਸਿੰਘ | ਗੋਪਾਲ ਸਿੰਘ<br>ਸਰਬਜੀਤ ਕੌਰ | ੯੩% | ੧੨ਵੀਂ | ਸੀ.ਬੀ.ਐਸ.ਈ | ਨਾਨ-ਮੈਡੀਕਲ | ਚੰਡੀਗੜ੍ਹ |
| ੮ | ਹਰਜਸ ਕੌਰ | ਸੰਤੋਖ ਸਿੰਘ<br>ਜਸਵਿੰਦਰ ਕੌਰ | ੯੦.੬੦% | ੧੨ਵੀਂ | ਸੀ.ਬੀ.ਐਸ.ਈ | ਮੈਡੀਕਲ | ਚੰਡੀਗੜ੍ਹ |
| ੯ | ਪ੍ਰੀਤਗੁਰਦਿੱਤ ਸਿੰਘ | ਰਛਪਾਲ ਸਿੰਘ<br>ਰਵਿੰਦਰ ਕੌਰ | ੯੨% | ੧੨ਵੀਂ | ਸੀ.ਬੀ.ਐਸ.ਈ | ਆਰਟਸ | ਅੰਮ੍ਰਿਤਸਰ |
| ੧੦ | ਹਰਨਾਮ ਸਿੰਘ | ਹਰਜੀਤ ਸਿੰਘ<br>ਮਨਜੀਤ ਕੌਰ | ੯੬% | ੧੨ਵੀਂ | ਸੀ.ਬੀ.ਐਸ.ਈ | ਮੈਡੀਕਲ | ਲੁਧਿਆਣਾ |
| ੧੧ | ਸੁਰਿੰਦਰ ਕੌਰ | ਸ਼ਮਸ਼ੇਰ ਸਿੰਘ<br>ਬਲਵਿੰਦਰ ਕੌਰ | ੯੨.੬੦% | ੧੦ਵੀਂ | ਸੀ.ਬੀ.ਐਸ.ਈ | | ਲੁਧਿਆਣਾ |
| ੧੨ | ਸੁਖਸਹਿਜ ਕੌਰ | ਅੰਮ੍ਰਿਤਪਾਲ ਸਿੰਘ<br>ਸੁਖਪ੍ਰੀਤ ਕੌਰ | ੯੬.੪੦% | ੧੦ਵੀਂ | ਸੀ.ਬੀ.ਐਸ.ਈ | | ਚੰਡੀਗੜ੍ਹ |
| ੧੩ | ਜੱਸਾ ਸਿੰਘ | ਜਗਮੋਹਨ ਸਿੰਘ<br>ਸੋਨੀਆਂ ਅਰੋੜਾ | ੯੨.੮੦% | ੧੦ਵੀ | ਆਈ.ਸੀ.ਐਸ.ਈ | | ਲੁਧਿਆਣਾ |
| ੧੪ | ਦਾਨ ਸਿੰਘ | ਦਿਲਾਵਰ ਸਿੰਘ | ੯੦.੮੦% | ੧੦ਵੀਂ | ਸੀ.ਬੀ.ਐਸ.ਈ | | ਲੁਧਿਆਣਾ |
| ੧੫ | ਕੋਹਿਨੂਰ ਸਿੰਘ | ਅਮਰਜੀਤ ਸਿੰਘ<br>ਰਾਜਵੀਰ ਕੌਰ | ੯੦.੮੦% | ੧੨ਵੀ | ਸੀ.ਬੀ.ਐਸ.ਈ | ਨਾਨ-ਮੈਡੀਕਲ | ਸਿਰਸਾ |

## ਸੁਖਦੇਵ ਸਿੰਘ ਸੰਧੂ ਨਮਿੱਤ ਭੋਗ ਸਮਾਗਮ ਤੇ ਸ੍ਰੀ ਸਤਿਗੁਰੂ ਜੀ ਦਰਸ਼ਨ

ਸੰਤ ਨਗਰ (ਸਿਰਸਾ, ਹਰਿਆਣਾ) 29 ਮਈ 2018; ਅੱਜ ਇਥੋਂ ਦੇ ਪਰਤਾਪ ਮੰਦਰ ਵਿਖੇ, ਹਰਿਆਣਾ, ਪੰਜਾਬ, ਰਾਜਸਥਾਨ ਅਤੇ ਦਿੱਲੀ ਤੋਂ ਆਈਆਂ ਸੰਗਤਾਂ ਦੇ ਵਿਸ਼ਾਲ ਇਕੱਠ ਵਿੱਚ ਇਲਾਕੇ ਦੇ ਉੱਘੇ ਸਮਾਜ ਸੇਵੀ ਅਤੇ ਸਮਰਪਿਤ ਸਿੱਖ ਸ੍ਰ. ਸੁਖਦੇਵ ਸਿੰਘ ਸੰਧੂ ਨਮਿੱਤ ਗੁਰਬਾਣੀ ਪਾਠਾਂ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਸੁਖਦੇਵ ਸਿੰਘ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ, ਉਸ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਇੱਕ ਸਮਰਪਿਤ ਸਿੱਖ ਦੱਸਿਆ ਇਸ ਨੂੰ ਅਤੇ ਜਿਸ ਦੇ ਪਰਿਵਾਰ ਨੂੰ ਸਤਿਗੁਰੂ ਜੀ ਨੇ ਅਨੇਕਾਂ ਖੁਸ਼ੀਆਂ ਅਤੇ ਬਖਸ਼ਿਸ਼ਾਂ ਦਾ ਪਾਤਰ ਬਣਾਇਆ। ਉਸ ਦੇ ਘਰ ਨੂੰ ਸਤਿਗੁਰੂ ਜੀ ਨੇ ਆਪਣਾ ਘਰ ਆਖਿਆ। ਇਸ ਲਈ ਜੇ ਕਦੀ ਬਹੁਤ ਪਹਿਲਾਂ ਪ੍ਰਸਿੱਧ ਸੰਗੀਤਕਾਰ ਉਸਤਾਦ ਵਲਾਇਤ ਖਾਂ ਇਸ ਇਲਾਕੇ ਵਿੱਚ ਆਏ ਤਾਂ ਸਤਿਗੁਰੂ ਜੀ ਨੇ ਉਹਨਾਂ ਨੂੰ ਇਸੇ ਘਰ ਵਿਖੇ ਠਹਿਰਾਇਆ। ਸੁਖਦੇਵ ਸਿੰਘ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਨੇਤਰ ਦਾਨ ਕਰਨ ਦਾ ਬਚਨ ਯਾਦ ਸੀ, ਇਸ ਲਈ ਅੰਤਿਮ ਸਮੇਂ ਪੁੱਤਰ ਰਜਿੰਦਰ ਸਿੰਘ ਨੂੰ ਹਦਾਇਤ ਕਰਕੇ,ਉਸ ਨੇ ਅੱਖਾਂ ਦਾਨ ਕਰਵਾਈਆਂ। ਸਤਿਗੁਰੂ ਜੀ ਨੇ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ, ਸੁਖਦੇਵ ਸਿੰਘ ਦੁਆਰਾ ਨਿਬਾਹੀਆਂ ਸੇਵਾਵਾਂ ਦਾ ਜਿਕਰ ਵੀ ਕੀਤਾ।

ਯਾਦ ਰਹੇ ਕਿ ਸੁਖਦੇਵ ਸਿੰਘ ਦਾ ਜਨਮ 21 ਮਾਰਚ 1950 ਨੂੰ ਫਿਲੋਕਿਆਂ ਤੋਂ ਸੰਤ ਨਗਰ ਆ ਕੇ ਵੱਸੇ, ਸੰਤ ਅਵਤਾਰ ਸਿੰਘ ਅਤੇ ਮਾਤਾ ਗੁਰਦੀਪ ਕੌਰ ਦੇ ਘਰ ਹੋਇਆ। ਉਸਦੀ ਮਾਤਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਭਾਈ ਵਜੀਰ ਸਿੰਘ ਦੀ ਭਣੇਵੀਂ ਹੈ ਅਤੇ 95 ਸਾਲ ਦੀ ਇਸ ਉਮਰ ਵਿੱਚ ਗੁਰੂ ਕੇ ਭਾਣੇ ਵਿਚ ਰਹਿ ਰਹੀ ਹੈ। ਸੁਖਦੇਵ ਸਿੰਘ ਤੋਂ ਪੰਜ ਵਰ੍ਹੇ ਵੱਡਾ ਭਾਈ ਸ੍ਰ. ਗੁਰਦੇਵ ਸਿੰਘ ਸੰਧੂ ਹੈ। ਇਲਾਕੇ ਵਿੱਚ ਇਹਨਾਂ ਨੂੰ ਪੈਟਰੋਲ ਪੰਪ ਵਾਲੇ ਪਰਿਵਾਰ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ। ਸੁਖਦੇਵ ਸਿੰਘ ਨੇ ਨੈਸ਼ਨਲ ਕਾਲਜ ਸਿਰਸਾ ਤੋਂ 1971 ਵਿਚ ਬੀ. ਏ. ਕੀਤੀ। ਫਿਰ ਪੁਸ਼ਤੈਨੀ ਖੇਤੀ ਕਿੱਤੇ ਅਤੇ ਹੋਰ ਕਾਰੋਬਾਰ ਵਿੱਚ ਜੁੱਟ ਗਏ। ਸਤਿਗੁਰੂ ਜੀ ਹੁਕਮ ਅਨੁਸਾਰ ਉਹ ਸੱਤ ਪਿੰਡਾਂ ਵਾਲੇ ਵੱਡੇ ਪਿੰਡ, ਜੀਵਨ ਨਗਰ ਦਾ ਲੰਬੜਦਾਰ ਤੇ 1998 ਤੋਂ ਸ੍ਰੀ ਗੁਰੂ ਹਰੀ ਸਿੰਘ ਐਜੂਕੇਸ਼ਨ ਕਮੇਟੀ ਦਾ ਪ੍ਰਧਾਨ ਚੱਲਿਆ ਆ ਰਿਹਾ ਹੈ। ਉਸ ਦੇ ਪਰਿਵਾਰ ਵਿੱਚ ਪਤਨੀ ਅਤੇ ਤਿੰਨ ਵਿਆਹੀਆਂ ਵਰੀਆਂ ਧੀਆਂ ਪੁੱਤਰ ਰਜਿੰਦਰ ਸਿੰਘ ਤੋਂ ਇਲਾਵਾ ਕੈਨੇਡਾ ਰਹਿੰਦੇ ਦੋ ਪੋਤਰੇ ਹਨ। ਉਹਨਾਂ 21 ਮਈ ਨੂੰ ਕੈਨੇਡਾ ਲਈ ਉਡਾਨ ਭਰਨੀ ਸੀ ਪਰ ਮੇਦਾਂਤਾ ਹਸਪਤਾਲ ਗੁੜਗਾਂਉਂ ਪੁੱਜ ਕੇ ਵੀ ਉਸੇ ਦਿਨ ਝੱਟਪਟ ਹੀ ਦਿਲ ਦੇ ਦੌਰੇ ਨਾਲ ਦਰਗਾਹੀ ਸਫਰ ਤੇ ਤੁਰ ਪਏ। ਅੱਜ ਉਹਨਾਂ ਦੇ ਭੋਗ ਸਮਾਗਮ ਸਮੇਂ ਸਰਵ ਸ੍ਰੀ ਹਜ਼ੂਰੀ ਰਾਗੀਆਂ ਬਲਵੰਤ ਸਿੰਘ, ਸਰਮੁੱਖ ਸਿੰਘ ਅਤੇ ਹਰਪ੍ਰੀਤ ਸਿੰਘ ਸੋਨੂੰ ਨੇ ਵੈਰਾਗ ਮਈ ਕੀਰਤਨ ਕੀਤਾ।ਜਿਲ੍ਹਾ ਕਾਂਗਰਸ ਦੇ ਪਰਧਾਨ ਮਲਕੀਤ ਸਿੰਘ ਖੋਸਾ, ਕਾਮਰੇਡ ਸੁਵਰਨ ਸਿੰਘ ਵਿਰਕ, ਕਾਮਰੇਡ ਨਰਭਿੰਦਰ ਸਿੰਘ, ਐਡਵੋਕੇਟ ਗੁਰਦੇਵ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ ਕਥਾਵਾਚਕ, ਕਾਂਗਰਸ ਨੇਤਾ ਡਾ.ਕੇ.ਵੀ. ਸਿੰਘ ਨੇ ਵਿਛੜੇ ਸੱਜਣ ਨੂੰ ਸ਼ਰਧਾ ਪੁਸ਼ਪ ਭੇਟ ਕੀਤੇ। ਉਹਨਾਂ ਦੇ ਦੋਹਤਰੇ ਕਾਕਾ ਆਸਾ ਸਿੰਘ ਨੇ ਇੱਕ ਕਵਿਤਾ ਰਾਹੀਂ ਆਪਣੇ ਨਾਨਾ ਜੀ ਨੂੰ ਯਾਦ ਕੀਤਾ। ਇਸ ਮੌਕੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਕਾਂਗ੍ਰਸ ਦੇ ਹਰਿਆਣਾ ਪ੍ਰਧਾਨ ਅਸ਼ੋਕ ਤੰਵਰ, ਕੇਂਦਰੀ ਮੰਤਰੀ ਬੀਬੀ ਸ਼ੈਲਜਾ, ਤਾਰਾ ਬਾਬਾ ਚੈਰੀਟੇਬਲ ਟਰੱਸਟ ਸਿਰਸਾ, ਪ੍ਰਿੰਸੀਪਲ ਹਰਜਵੰਤ ਸਿੰਘ ਸ੍ਰੀ ਗੁਰੂ ਹਰੀ ਸਿੰਘ ਕਾਲਜ ਜੀਵਨ ਨਗਰ, ਲਾਇਨਜ਼ ਕਲੱਬ ਰਾਣੀਆਂ, ਜੀਵਨ ਨਗਰ ਅਤੇ ਐਲਨਾਬਾਦ ਮੰਡੀਆਂ ਦੀਆਂ ਆੜ੍ਹਤੀਆ ਸਭਾਵਾਂ, ਜ਼ਿਲ੍ਹਾ ਸਿਰਸਾ ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ, ਲੋਕ ਪੰਚਾਇਤ ਜਿਲਾ ਸਿਰਸਾ, ਪੰਜਾਬੀ ਲੇਖਕ ਸਭਾ ਸਿਰਸਾ ਅਤੇ ਅਨੇਕ ਹੋਰ ਵਿਅਕਤੀਆਂ ਸੰਸਥਾਵਾਂ ਵੱਲੋਂ ਸ਼ੋਕ ਮਤੇ ਪੁੱਜੇ। ਇਸ ਮੌਕੇ ਤੇ ਹਾਜ਼ਰ ਸੰਗਤ ਵਿੱਚ ਪੂਜ ਮਾਤਾ ਗੁਰਸ਼ਰਨ ਕੌਰ ਜੀ, ਸੰਤ ਜਗਤਾਰ ਸਿੰਘ ਜੀ, ਬਹੁਤ ਸਾਰੇ ਸੂਬੇ ਅਤੇ ਹਜ਼ੂਰੀ ਸੇਵਕ ਸਾਹਿਬਾਨ, ਸਾਬਕਾ ਮੰਤਰੀ ਚੌਧਰੀ ਭਾਗੀ ਰਾਮ, ਚੌਧਰੀ ਓਮ ਪ੍ਰਕਾਸ਼ ਕੇਹਰਵਾਲਾ, ਸਿਰਸਾ ਜਿਲਾ ਕਾਂਗਰਸ ਪ੍ਰਭਾਰੀ, ਸ੍ਰ. ਜੈਪਾਲ ਸਿੰਘ ਲਾਲੀ, ਗੁਰਨਾਮ ਸਿੰਘ ਝੱਬਰ, ਅਮਰਪਾਲ ਸਿੰਘ ਖੋਸਾ, ਇਨੈਲੋ ਆਗੂ ਕਸ਼ਮੀਰ ਸਿੰਘ, ਭਾਜਪਾ ਨੇਤਾ ਰਛਪਾਲ ਸਿੰਘ ਸਿੱਧੂ, ਜ਼ਿਲਾ ਪਰਿਸ਼ਦ ਮੈਂਬਰ ਮਲਕੀਤ ਸਿੰਘ ਰੰਧਾਵਾ, ਰਮੇਸ਼ ਭਾਦੂ ਆਦਿ ਬਹੁਤ ਸਾਰੇ ਪੰਚ ਸਰਪੰਚ ਅਤੇ ਹੋਰ ਜਾਣੇ-ਪਹਿਚਾਣੇ ਸੱਜਣ ਹਾਜ਼ਰ ਸਨ। ਸੁਖਦੇਵ ਸਿੰਘ ਦਾ ਲੋਕਾਂ ਨਾਲ ਅਥਾਹ ਪਿਆਰ ਉਸ ਦੇ ਭੋਗ ਸਮੇਂ ਵੇਖਣ ਨੂੰ ਮਿਲਿਆ। ਸਾਰੇ ਪਿੰਡ ਦੇ ਨੌਜੁਆਨਾਂ ਨੇ ਸੇਵਾ ਵਿੱਚ ਹਿੱਸਾ ਲਿਆ ਇਸ ਤੋਂ ਪਹਿਲਾਂ ਸਤਿਗੁਰੂ ਜੀ ਪਰਿਵਾਰ ਦੇ ਘਰ ਵੀ ਦਰਸ਼ਨ ਦਿੱਤੇ। ਯਾਦ ਰਹੇ ਕਿ ਗੁਰਦੇਵ ਸਿੰਘ ਜਦੋਂ ਕੇਵਲ ਪੰਜ ਸਾਲ ਦੇ ਸਨ ਅਤੇ ਸੁਖਦੇਵ ਸਿੰਘ ਮਾਤ੍ਰ ਛੇ ਮਹੀਨਿਆਂ ਦੇ, ਇਨ੍ਹਾਂ ਦੇ ਪਿਤਾ ਸ੍ਰ. ਅਵਤਰ ਸਿੰਘ 30 ਕੁ ਵਰ੍ਹਿਆਂ ਦੀ ਯੁਵਾ ਅਵਸਥਾ ਵਿਚ ਹੀ ਚਲ ਵਸੇ- ਭੋਗ ਸਮੇਂ ਜਦੋਂ ਪੱਗ ਬੰਨਣ ਦੀ ਗਲ ਤੁਰੀ ਤਾਂ ਗੁਰਦੇਵ ਸਿੰਘ, ਸੁਖਦੇਵ ਸਿੰਘ ਦੀ ਦਾਦੀ ਮਾਤਾ ਈਸ਼ਰ ਕੌਰ ਨੇ ਕਿਹਾ ਕਿ ਜੇ ਦੁਨੀਆਂਦਾਰੀ ਦਾ ਪਿਤਾ ਚਲਾ ਗਿਆ ਹੈ ਪਰ ਲੋਕ-ਪ੍ਰਲੋਕ ਦਾ ਸਹਾਈ ਸਾਡਾ ਸਭ ਦਾ ਬਾਪ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਸਿਰ ਤੇ ਹਨ ਇਸ ਲਈ ਪਿਤਾ ਦੀ ਪੱਗ ਬੰਨਣ ਦੀ ਜ਼ਰੂਰਤ ਨਹੀਂ। ਇਸੇ ਭਾਵਨਾ ਅਨੁਸਾਰ ਸੁਖਦੇਵ ਸਿੰਘ ਦੇ ਇੱਕਲੋਤੇ ਪੁੱਤਰ ਰਜਿੰਦਰ ਸਿੰਘ ਨੇ ਕਿਹਾ ਕਿ ਸਾਡੇ ਸਿਰ ਤੇ ਪਿਤਾ ਦੀ ਜਗ੍ਹਾ ਸਤਿਗੁਰੂ ਉਦੇ ਸਿੰਘ ਜੀ ਹਾਜ਼ਰ ਹਨ ਇਸ ਲਈ ਪੱਗ ਬੰਨਣ ਦੀ ਰਸਮ ਦੀ ਜ਼ਰੂਰਤ ਨਹੀਂ।

**– ਸੁਵਰਨ ਸਿੰਘ ਵਿਰਕ**

## ਮਾਤਾ ਪ੍ਰਸਿੰਨ ਕੌਰ ਜੀ ਨਮਿੱਤ ਪਾਠ ਦਾ ਭੋਗ

ਅੰਮ੍ਰਿਤਸਰ ਕਲਾਂ (ਸਿਰਸਾ ਹਰਿਆਣਾ), 8 ਜੂਨ 2018 – ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਮਾਤਾ ਪ੍ਰਸਿੰਨ ਕੌਰ ਜੀ (ਸਪੁਤਨੀ ਸੰਤ ਪੂਰਨ ਸਿੰਘ ਘੁੰਮਣ), ਜੋ ਪਿਛਲੀ ਦਿਨੀਂ ਚੜ੍ਹਾਈ ਕਰ ਗਏ ਸਨ,ਦੇ ਨਮਿੱਤ ਰੱਖੇ ਸਧਾਰਨ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਪਾਇਆ ਗਿਆ।ਸੇਵਾ ਅਤੇ ਸਿਮਰਨ ਦੀ ਮੂਰਤ ਮਾਤਾ ਨੇ 87 ਸਾਲ ਦੀ ਭਰਪੂਰ ਜ਼ਿੰਦਗੀ ਬਤੀਤ ਕੀਤੀ ਹੈ।ਉਨ੍ਹਾਂ ਦੇ ਜੀਵਨ ਦਾ ਅਮੀਰੀ ਪੱਖ ਹੈ ਕਿ ਉਨ੍ਹਾਂ ਦੀ ਪ੍ਰੀਤ ਤਿੰਨ ਸਤਿਗੁਰੂ ਸਾਹਿਬਾਨਾਂ ਦੇ ਚਰਨਾਂ ਨਾਲ ਇਕ ਰਸ ਨਿਭੀ।ਮਾਤਾ ਪ੍ਰਸੰਨ ਕੌਰ ਜੀ ਅਤੇ

ਸੰਤ ਪੂਰਨ ਸਿੰਘ ਜੀ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਹੋਇਆ। ਮਾਤਾ ਜੀ ਦੇ ਪਿਤਾ ਸੰਤ ਇੰਦਰ ਸਿੰਘ ਜੀ ਨਾਮਧਾਰੀ ਪੰਥ ਦੀ ਪ੍ਰਸਿੱਧ ਹਸਤੀ ਸੂਬਾ ਵਰਿਆਮ ਸਿੰਘ ਜੀ ਸਮਸੇ ਵਾਲਿਆਂ ਦੇ ਛੋਟੇ ਭਰਾ ਸਨ। ਇਸ ਸੁਭਾਗ ਜੋੜੀ ਦੇ ਚਾਰੇ ਸਪੁੱਤਰ ਸਰਦਾਰਾ ਸਿੰਘ,ਦਰਸ਼ਨ ਸਿੰਘ,ਹਰਦਿਆਲ ਸਿੰਘ ਅਤੇ ਸਵਰਗਵਾਸੀ ਸੰਤ ਅਵਤਾਰ ਸਿੰਘ ਜੀ ਅਤੇ ਪੰਜੇ ਧੀਆਂ(ਜਸਵਿੰਦਰ ਕੌਰ,ਕੁਲਵੰਤ ਕੌਰ,ਰਾਜ ਕੌਰ,ਸੁਖਵਿੰਦਰ ਕੌਰ ਅਤੇ ਬਲਵਿੰਦਰ ਕੌਰ) ਦੇ ਪਰਿਵਾਰ ਸਤਿਗੁਰੂ ਚਰਨਾਂ ਨਾਲ ਜੁੜੇ ਹੋਏ ਹਨ। ਸੰਤ ਪੂਰਨ ਸਿੰਘ ਅਤੇ ਉਨ੍ਹਾਂ ਦੇ ਲੜਕਿਆਂ ਨੇ ਗੁਰੂ ਹੁਕਮ ਅਨੁਸਾਰ ਵੱਖ ਵੱਖ ਸਥਾਨਾਂ ਤੇ ਰਹਿ ਕੇ ਸੇਵਾ ਕੀਤੀ। ਸੰਤ ਅਵਤਾਰ ਸਿੰਘ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖਤਿਆਰੇ ਆਮ ਰਹੇ। ਘਰ ਆਈ ਸਾਧਸੰਗਤ ਦੀ ਖਿੜੇ ਮੱਥੇ ਸੇਵਾ ਕਰਨੀ ਅਤੇ ਸਦਾ ਨਾਮ ਸਿਮਰਨ ਵਿੱਚ ਲੀਨ ਰਹਿਣਾ ਮਾਤਾ ਜੀ ਦਾ ਸਹਿਜ ਸੁਭਾਅ ਸੀ। ਕਿਸੇ ਲੋੜਵੰਦ ਦੀ ਮੱਦਦ ਕਰਨ ਲੱਗਿਆਂ ਸਦਾ ਗੁਰੂ ਦਾ ਸ਼ੁਕਰ ਕਰਨਾ ਉਨ੍ਹਾਂ ਦੇ ਸੁਭਾਅ ਦਾ ਮੀਰੀ ਗੁਣ ਸੀ। ਐਤਕੀਂ ਸ੍ਰੀ ਜਗਜੀਤ ਨਗਰ ਦੇ ਹੋਣ ਵਾਲੇ ਹੋਲੇ ਤੋਂ ਕੁਝ ਦਿਨ ਪਹਿਲਾਂ ਹੀ ਆਪਣੇ ਪਰਵਾਰਕ ਮੈਂਬਰਾਂ ਨੂੰ ਕਹਿਣ ਲਗੇ ਕਿ ਹੁਣ ਉਮਰ ਬਹੁਤ ਹੋ ਚੁੱਕੀ ਹੈ, ਬਸ ! ਹੁਣ ਹੋਲਾ ਵੇਖ ਲਵਾਂ। ਪਰ ਹੋਲਾ ਲੰਘ ਗਿਆ। ਮਈ ਮਹੀਨਾ ਵੀ ਗੁਜਰ ਰਿਹਾ ਸੀ ਅਤੇ ਕਹਿਣ ਲਗੇ ਕਿ ਮੈਂ ਆਪਣੇ ਬਚਨਾਂ ਤੋਂ ਝੂਠੀ ਪੈ ਰਹੀ ਹਾਂ। ਬਸ ਫਿਰ ਕੀ ਸੀ ਅੰਤਲਾ ਸਮਾਂ ਵੀ ਜਿਵੇਂ ਆਪਣੇ ਸਹੀ ਸਮੇਂ ਦਾ ਇੰਤਜਾਰ ਕਰ ਰਿਹਾ ਸੀ। ਅਖੀਰ ਕਿ 19 ਮਈ ਨੂੰ ਅਧਰੰਗ ਦਾ ਮਾਮੂਲੀ ਜਿਹਾ ਅਟੈਕ ਹੋ ਗਿਆ। ਸਰੀਰਕ ਕਮਜੋਰੀ ਦੇ ਬਾਵਜੂਦ ਵੀ ਆਪਣਾ ਨਿੱਤਨੇਮ ਨਹੀਂ ਛੱਡਿਆ। ਅੰਮ੍ਰਿਤ ਵੇਲੇ ਦਾ ਉਠਣਾ ਅਤੇ ਇਸ਼ਨਾਨ ਕਰ ਨਾਮ ਸਿਮਰਨ ਕਰਨ ਵਿਚ ਰੰਚਕ ਭਰ ਵੀ ਢਿੱਲ ਨਾ ਪੈਣ ਦਿੱਤੀ। ਇਸੇ ਦੌਰਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਦਰਸ਼ਨ ਦੇਣ ਆਏ ਅਤੇ ਮਾਤਾ ਜੀ ਦਰਸ਼ਨ ਕਰ ਖਿੜ ਗਏ।

29 ਮਈ ਨੂੰ ਅੰਮ੍ਰਿਤ ਵੇਲੇ 3 ਕੁ ਵਜੇ ਉੱਠੇ ਆਪਣੇ ਨੂੰਹ ਪੁੱਤਰ ਨੂੰ ਕਿਹਾ ਕਿ ਮੇਰਾ ਇਸ਼ਨਾਨ ਕਰਵਾ ਦਿਉ ਅਤੇ ਨਾਲ ਹੀ ਇਹ ਵੀ ਕਿਹਾ ਕਿ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕਰਨੀ ਹੈ ਕਿ ਮੇਰਾ ਇਸ਼ਨਾਨ ਅਤੇ ਨਿਤਨੇਮ ਨਿਭ ਜਾਵੇ। ਬਸ ਇਸ਼ਨਾਨ ਕੀਤਾ, ਸਿਮਰਨ ਕਰਦਿਆਂ ਕਛਹਿਰਾ ਬਦਲਿਆ ਅਤੇ ਨਾਲ ਹੀ ਸਵਾਸਾਂ ਦੀ ਪੂੰਜੀ ਪੂਰੀ ਕਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ। ਭੋਗ ਵਾਲੇ ਦਿਨ 8 ਜੂਨ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹਿਸਾਰ ਤੋਂ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਅੰਮ੍ਰਿਤਸਰ ਕਲਾਂ ਸਾਢੇ ਨੌ ਵਜੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਪ੍ਰਸ਼ਾਦਾ ਛੱਕਿਆ ਅਤੇ ਸਾਰੇ ਪੁੱਤਰਾਂ ਦੇ ਘਰਾਂ ਵਿਚ ਚਰਨ ਪਾਏ ਅਤੇ ਪਰਿਵਾਰ ਵਾਲਿਆਂ ਨੇ ਦਸਵੰਧ ਭੇਟ ਕੀਤੀ ਅਤੇ ਅਰਜ਼ ਕੀਤੀ ਕਿ ਜਿਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਪਾਰ ਬਖਸ਼ਿਸ਼ਾਂ ਕਰਦੇ ਰਹੇ ਹਨ, ਨਿਵਾਜਦੇ ਰਹੇ ਹਨ, ਉਸੇ ਤਰ੍ਹਾਂ ਹੀ ਆਪ ਜੀ ਵੀ ਮਿਹਰਾਂ ਕਰਦੇ ਰਹਿਣਾ।

ਫਿਰ ਗ੍ਰੀਬ ਨਿਵਾਜ਼ ਜੀ ਪੰਡਾਲ ਵਿਚ ਦਰਸ਼ਨ ਦਿੱਤੇ। ਜਥੇਦਾਰ ਮੱਖਣ ਸਿੰਘ ਮੱਲੇਕੀ ਵਾਲਿਆਂ ਦੇ ਦੀਵਾਨ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਸੋਨੂੰ ਸਮੇਤ ਬਹੁਤ ਪ੍ਰਭਾਵਸ਼ਾਲੀ ਕੀਰਤਨ ਕੀਤਾ। ਉਪਰੰਤ ਵਿਰਕ ਜੀ ਨੇ ਵੀ ਕੁਝ ਸਮਾਂ ਮਾਤਾ ਜੀ ਦੇ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕੀਤੇ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿਚ ਫੁਰਮਾਇਆ ਕਿ ਸੰਤ ਪੂਰਨ ਸਿੰਘ ਜੀ ਅਤੇ ਮਾਤਾ ਪ੍ਰਸਿੰਨ ਕੌਰ ਜੀ ਦਾ ਪਰਿਵਾਰ ਗੁਰਸਿੱਖੀ ਦੀਆਂ ਕਦਰਾਂ ਕੀਮਤਾਂ ਅਪਨਾਉਣ ਵਾਲਾ ਤੇ ਪੂਰਨ ਉਤਰਨ ਵਾਲਾ ਪਰਿਵਾਰ ਹੈ। ਸ੍ਰੀ ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਜੇ ਪੂਰਨ ਗੁਰਸਿੱਖੀ ਦੇ ਧਾਰਨੀ, ਕਿਸੇ ਆਦਰਸ਼ ਸਿੱਖ ਦੀ ਉਦਾਹਰਣ ਦੇਣੀ ਹੈ ਤਾਂ ਉਹ ਇਹ ਸੰਤ ਪੂਰਨ ਸਿੰਘ ਜੀ ਅਤੇ ਮਾਤਾ ਪ੍ਰਸਿੰਨ ਕੌਰ ਜੀ ਦੇ ਪਰਿਵਾਰ ਦੀ ਮਿਸਾਲ ਦੇ ਸਕਦੇ ਹਾਂ। ਸੇਵਾ ਕਰਨ ਵਿਚ ਨਿਪੁੰਨ, ਹਰ ਵੇਲੇ ਤਿਆਰ ਬਰ ਤਿਅਰ ਰਹਿਣਾ। ਇਹੋ ਹੀ ਗੁਰਸਿੱਖੀ ਹੈ।

ਇਸ ਮੌਕੇ ਛੇ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਦਾ ਭੋਗ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ, ਇਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, ਇਕ ਪਾਠ ਮਾਤਾ ਪ੍ਰਸਿੰਨ ਕੌਰ ਜੀ ਨਮਿੱਤ ਅਤੇ ਇੱਕ ਇੱਕ ਪਾਠ ਸੰਤ ਬਹਾਦਰ ਸਿੰਘ ਜੀ, ਸੰਤ ਅਵਤਾਰ ਸਿੰਘ ਜੀ ਅਤੇ ਮਾਤਾ ਹਰਨਾਮ ਕੌਰ ਜੀ ਦੀ ਯਾਦ ਵਿਚ ਪਾਇਆ। ਫਿਰ ਅਰਦਾਸ ਹੋਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


**–ਸਵਿੰਦਰ ਸਿੰਘ ਨਾਮਧਾਰੀ**

## ਸਿਆੜ੍ਹ ਦਾ ਮੇਲਾ

ਪਿਛਲੇ ਦਿਨੀਂ 1 ਜੂਨ 2018 ਨੂੰ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਿੰਡ ਸਿਆੜ੍ਹ ਜਿਲਾ ਲੁਧਿਆਣਾ ਵਿਖੇ ਮਾਈਆਂ ਨੂੰ ਅੰਮ੍ਰਿਤ ਛਕਾਉਣ ਦਾ ਮੇਲਾ ਮਨਾਇਆ ਗਿਆ। ਪਹਿਲੀ ਵੇਰ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਕਿਰਪਾ ਸਤਿਗੁਰੂ ਰਾਮ ਸਿੰਘ ਜੀ ਨੇ 1 ਜੂਨ 1863 ਈ: ਨੂੰ ਪਿੰਡ ਸਿਆੜ੍ਹ ਜਿਲਾ ਲੁਧਿਆਣਾ ਵਿਖੇ ਕੀਤੀ। ਇਸ ਦਿਨ 25 ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਸਿਖ ਪੰਥ ਵਿੱਚ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਅਤੇ ਮਰਿਯਾਦਾ ਰੱਖਣ ਦੀ ਪਰੰਪਰਾ ਤੋਰੀ।

ਸਿਆੜ੍ਹ ਦੀ ਸੰਗਤ ਵਲੋਂ ਮਨਾਏ ਇਸ ਮੇਲੇ ਵਿੱਚ ਕਵੀਸ਼ਰ ਗੁਰਭਗਤ ਸਿੰਘ, ਰਣਜੀਤ ਸਿੰਘ, ਭਜਨ ਸਿੰਘ ਨੇ ਕਵੀਸ਼ਰੀ ਪ੍ਰਸੰਗ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰਾਂ ਦਾ ਜ਼ਿਕਰ ਕੀਤਾ ਉਪਰੰਤ ਗੁਰਲਾਲ ਸਿੰਘ ਨੇ ਕਥਾ ਕੀਤੀ। ਉਹਨਾਂ ਆਪਣੀ ਕਥਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਔਰਤਾਂ ਦੀ ਹਾਲਤ ਅਤੇ ਸਤਿਗੁਰੂ ਜੀ ਵਲੋਂ ਇਸਤ੍ਰੀ ਜਾਤੀ ਦੇ ਕਲਿਆਨ ਹਿੱਤ ਕੀਤੇ ਸਫਲ ਯਤਨਾਂ ਬਾਰੇ ਦੱਸਿਆ। ਉਪਰੰਤ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਇਕ ਪਾਠ ਦਾ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਇਆ ਗਿਆ। ਮੇਲੇ ਦੀ ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਮੇਲੇ ਵਿੱਚ ਸਿਆੜ੍ਹ ਦੀ ਸਾਧ- ਸੰਗਤ ਤੋਂ ਇਲਾਵਾ ਲੁਧਿਆਣਾ, ਬੱਦੋਵਾਲ, ਚੱਕ ਕੂਕਿਆਂ, ਸ੍ਰੀ ਭੈਣੀ ਸਾਹਿਬ ਅਤੇ ਹੋਰ ਕਈ ਪਿੰਡਾਂ ਵਿੱਚੋਂ ਸਾਧ-ਸੰਗਤ ਨੇ ਪਹੁੰਚ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਮੇਲੇ ਦਰਮਿਆਨ ਛਬੀਲ ਦੀ ਸੇਵਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੇ ਕੀਤੀ।

ਸੂਬਾ ਸਾਹਿਬ ਸਿੰਘ ਜੀ, ਜੋ ਆਪਣੇ ਪਿਆਰੇ ਵਤਨ ਦੀ ਖ਼ਾਤਿਰ ਹਜ਼ਾਰੀ ਬਾਗ ਵਿਖੇ 10 ਜੂਨ 1879 ਈ: ਨੂੰ ਸ਼ਹਾਦਤ ਦਾ ਜ਼ਾਮ ਪੀ ਗਏ।



SUBA SAHIB SINGH

ਜੋ ਆਸ਼ਿਕ ਹੈਂ ਸਦਾਕਤ ਕੇ ਵੁਹ ਜੀਨਾ ਛੋੜ ਦੇਤੇ ਹੈਂ।
ਖਿਲੌਨਾ ਜਿਸਮ ਅਪਨੇ ਕਾ ਖ਼ੁਸ਼ੀ ਸੇ ਫੋੜ ਦੇਤੇ ਹੈਂ।
ਨਾ ਹੂਰੋਂ ਕੀ ਹਸਰਤ ਨਾ ਤਖ਼ਤੋ- ਤਾਜ ਕੀ 'ਬਾਲਮ',
ਖ਼ੁਦਾ ਭੀ ਦੇ ਖ਼ੁਦਾਈ ਤੋ ਵਾਪਿਸ ਮੋੜ ਦੇਤੇ ਹੈਂ।

Date of Publication: 27-06-2018,
Date of Posting: 28-29 June 2018

RNI NO. 55658/93 Delhi Postal Regd. No. DL(W) 01/2055/18-20

# ਗੁਰ ਅਰਜੁਨ ਸਚੁ ਸਿਰਜਣਹਾਰਾ



ਰਹਿੰਦੇ ਗੁਰ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ।
ਸਬਦੁ ਸੁਰਤਿ ਲਿਵ ਮ੍ਰਿਗ ਜਯੋਂ ਭੀੜ ਪਈ ਚਿਤਿ ਅਵਰ ਨ ਆਣੀ।
ਚਰਨ ਕਵਲ ਮਿਲਿ ਭਵਰ ਜਯੋ ਸੁਖ ਸੰਪੁਟ ਵਿਚਿ ਰੈਣਿ ਵਿਹਾਣੀ।
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖਿ ਵਖਾਣੀ।
ਗੁਰਮੁਖਿ ਸੁਖ ਫਲੁ ਪ੍ਰੇਮ ਰਸ ਸਹਿਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜੁਨ ਵਿਟਹੁ ਕੁਰਬਾਣੀ॥੨੩॥

-(ਭਾਈ ਗੁਰਦਾਸ ਜੀ -ਵਾਰ ੨੪ਵੀਂ)

ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪੑਉ ਜਿਨੑ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥੬॥

-(ਸਵਈਏ ਮਹੱਲੇ ੫ਵੇਂ ਕੇ -ਪੰਨਾ ੧੪੦੯)

Printed and Published by Mr. Harvendra Singh Hanspal on behalf of Namdhari Darbar.Printed at Summit advertising press, 2DLF (Part), Moti Nagar, New Delhi and Published from Namdhari Gurdwara, ramesh Nagar, New delhi-110015.